
# Bed Time Stories-8

## KHALSA RAJ ਖ਼ਾਲਸਾ ਰਾਜ



SANTOKH SINGH JAGDEV

# BED TIME STORIES-8

## (KHALSA RAJ)

## (ਖ਼ਾਲਸਾ ਰਾਜ)

*Other books by the same author on religious philosophy and history :*

| | | | | |
|---|---|---|---|---|
| 1. | **Hindu Sikh Sikhia** | **(Panjabi)** | | **ISBN 1 872580 00 9** |
| 2. | **Hindu Sikh Sikhia** | **(Hindi)** | | **ISBN 1 872580 01 7** |
| 3. | **Sach Sunai Si Sach Ki Bela (Panjabi)** | | | **ISBN 1 872580 05 X** |
| 4. | **Tales of Truth** | **(English)** | **(Sikh Martyrs)** | **ISBN 1 872580 06 8** |
| 5. | **Bed Time Stories-1** | **(Panjabi-English)** | **(Guru Gobind Singh Ji)** | **ISBN 1 872580 20 3** |
| 6. | **Bed Time Stories-2** | **(Panjabi-English)** | **(Guru Nanak Dev Ji)** | **ISBN 1 872580 20 1** |
| 7. | **Bed Time Stories-3** | **(Panjabi-English)** | **(Guru Arjan Dev Ji)** | **ISBN 1 872580 22 X** |
| 8. | **Bed Time Stories-4** | **(Panjabi-English)** | **(Guru Tegh Bahadur Ji)** | **ISBN 1 872580 23 8** |
| 9. | **Bed Time Stories-5** | **(Panjabi-English)** | **(Guru Angad Dev Ji, Guru Amar Dass Ji and Guru Ram Dass Ji)** | **ISBN 1 872580 24 6** |
| 10. | **Bed Time Stories-6** | **(Panjabi-English)** | **(Guru Hargobind Ji, Guru Har Rai Ji and Guru Har Krishan Ji)** | **ISBN 1 872580 25 4** |
| 11. | **Bed Time Stories-7** | **(Panjabi-English)** | **(Sikh Martyrs)** | **ISBN 1 872580 26 2** |
| 12. | **Bed Time Stories-8** | **(Panjabi-English)** | **(Khalsa Raj)** | **ISBN 1 872580 27 0** |
| 13. | **Bed Time Stories-9** | **(Panjabi-English)** | **(Sikh Warriors)** | **ISBN 1 872580 28 9** |
| 14. | **Bed Time Stories-10** | **(Panjabi-English)** | **(Honoured Saints)** | **ISBN 1 872580 29 7** |

"Bed Time Stories written by Santokh Singh Jagdev in two languages have been quite successful in conveying the message of Guru Nanak to the Western world which includes our children also."

*—The Council of Sikh Gurdwaras in Birmingham, England.*

"Mr Jagdev has righteously succeeded in his mission to propagate the teachings of Guru Nanak and the Sikh Philosophy through interesting and numerous anecdotes narrated in his books....."

*—Dr. Joginder Singh J.P., Birmingham, England.*

"We highly recommend these books to those who want to learn or teach Sikhism and Sikh Philosophy."

*—Gurdwara Guru Ramdas, Singh Sabha, Birmingham, England.*

# BED TIME STORIES-8

## (KHALSA RAJ)

## (ਖ਼ਾਲਸਾ ਰਾਜ)

**Santokh Singh Jagdev**

**SIKH MISSIONARY RESOURCE CENTRE**
**BIRMINGHAM (ENGLAND)**

All rights reserved
Copyright S.S. Jagdev

Bed Time Stories - 8

ISBN 1 872580 27 0

First Edition 1997
*Reprint :* 2011

**Price : Rs. 80-00**

*Published by :*
SIKH MISSIONARY RESOURCE CENTRE
346, Green Lane Rd.,
Small Heath, Birmingham
B95DR, England.
Ph.: 021-772-5365

*Distributors :*
SINGH BROTHERS
Bazar Mai Sewan, Amritsar.
E-mail : singhbro@vsnl.com

*Printers :*
PRINTWELL, 146, Industrial Focal Point, Amritsar.

# INDEX


1. ਬਚਪਨ ਦੀ ਅਨੋਖੀ ਘਟਨਾ 9
   Extraordinary Happening of Childhood 11
2. ਗੁਰੂ ਗੋਬਿੰਦ ਸਿੰਘ ਨਾਲ ਮਿਲਾਪ 13
   Meeting with Guru Gobind Singh 14
3. ਪੰਜਾਬ ਦੀ ਤਿਆਰੀ 15
   Preparation for Punjab 17
4. ਜ਼ਾਲਮਾਂ ਦੀ ਸੁਧਾਈ 19
   Punishing of Tyrants 20
5. ਵਜ਼ੀਰ ਖ਼ਾਨ ਦਾ ਅੰਤ 21
   End of Wazir Khan 23
6. ਖ਼ਾਲਸਾ ਰਾਜ ਦੀ ਸਥਾਪਨਾ 25
   Establishment of Sikh Commonwealth 26
7. ਬਾਦਸ਼ਾਹ ਦੀ ਸਿੰਘਾਂ ਵਿਰੁੱਧ ਚੜ੍ਹਾਈ 27
   Rise of Emperor against Singhs 29
8. ਪਹਾੜੀ ਰਾਜਿਆਂ ਨਾਲ ਨਜਿੱਠਣਾ 31
   Dealing with the Hill Rajas 32
9. ਖ਼ਾਲਸਾ ਸਢੌਰਾ ਤੇ ਲੋਹਗੜ੍ਹ ਦਾ ਦੁਬਾਰਾ ਮਾਲਕ 33
   Khalsa again Master of Sidhaura and Lohgarh 35
10. ਗੁਰਦਾਸ ਨੰਗਲ ਦਾ ਘੇਰਾ ਤੇ ਗ੍ਰਿਫ਼ਤਾਰੀਆਂ 37
    Siege of Gurdas Nangal and Arrests 38
11. ਬਾਬਾ ਬੰਦਾ ਸਿੰਘ ਅਤੇ ਸਾਥੀਆਂ ਦਾ ਕਤਲ 39
    Execution of Baba Banda Singh and Companions 41
12. ਰਣਜੀਤ ਸਿੰਘ—ਜੰਮਦਾ ਬਹਾਦਰ 43
    Ranjit Singh—Born Brave 44
13. ਲਾਹੌਰ ਉਪਰ ਕਬਜ਼ਾ 45
    Occupation of Lahore 47

14. ਖ਼ਾਲਸਾ ਰਾਜ ਦਾ ਸਿੱਕਾ ਢਾਲਣਾ 49
Minting the coin of Sikh Commonweatlth 50

15. ਮਿਸਲਾਂ ਦੇ ਸਰਦਾਰਾਂ ਨਾਲ ਸਮਝੌਤੇ 51
Settlements with the Misls' Sardars 53

16. ਸਤਲੁਜ ਦੇ ਦੱਖਣ ਜੋ ਬੀਤੀ 55
Fate of Territory South of Sutlej 56

17. ਅੰਮ੍ਰਿਤਸਰ ਦੀ ਸੰਧੀ 57
Treaty of Amritsar 59

18. ਮੁਲਤਾਨ ਦੀ ਜਿੱਤ 61
Conquest of Multan 62

19. ਕਸ਼ਮੀਰ ਨੂੰ ਮਿਲਾਉਣਾ 63
Annexation of Kashmir 65

20. ਪਿਸ਼ਾਵਰ ਦੀ ਜਿੱਤ 67
Conquest of Peshawar 68

21. ਅੰਗ੍ਰੇਜ਼ ਬਾਦਸ਼ਾਹ ਵਲੋਂ ਤੋਹਫ਼ੇ 69
Presents from the British Emperor 71

22. ਆਖ਼ਰੀ ਦਰਬਾਰ 73
The Last Court 74

# *Foreword*

The Sikh religion, at first started by Guru Nanak as a way of life depicting simple ways to attain union with the Supreme Being through honest labour and recitation of the name of God (by whatever name you remember Him) passed through many stages of development in the times of the next nine Gurus. By word and deed, the Gurus taught the masses to stand up against exploitation by the religious leaders and rulers and fight discrimination on account of religion, caste and creed. The culmination of this process of awakening was the formation of Khalsa by Guru Gobind Singh who created a force of Singhs (literally lions) by administering nectar to members of all castes from the same steel bowl thus abolishing all barriers separating humanity. Thus he created an army of saint-soldiers.

When he asked the hill rajas to join hands with him to fight foreign domination and repression on account of religion, they refused on the plea that they could not associate with one who had brought the lower castes on par with the higher ones of Brahmins and Kshatris. He had then, told them of his resolve, "I shall make lions out of sheep. I shall make the commoners fight the kings. I shall let the poor be called kings. I shall get sparrows defeat the hawks. I shall instill power in a simple one to fight one and a quarter lakhs. Only then shall I be known as Guru Gobind Singh."

Guru Gobind Singh had instilled all these qualities in the Khalsa. Only his promise of making the subjects the kings, remained. It was with this end in view that he sent Baba Banda Singh Bahadur with twenty-five Singhs to establish a Khalsa republic. Baba Banda Singh was successful when he captured Sirhind in May 1710 AD. His rule, though short-lived, was the first Khalsa republic. It did not last long as the odds were very heavy against him but it awakened in the masses an urge to rise and stand up against oppression. It paved the way for the second Khalsa republic under Sikh Sardars (chiefs) as the people started becoming Singhs in the face of opposition from the fanatic Muslim rulers and organising themselves. After a drawn out struggle of fifty years, Sikh Sardars and chiefs of Sikh Misls were able to establish Khalsa republic second time, starting from Amritsar, spread to Peshawar in the North-West, Kashmir in the North and banks of Jamuna in the South-East.

Maharaja Ranjit Singh gradually annexed the areas controlled by other Sikh Misls and chiefs and Pathans to the Khalsa republic. The urge to avoid annexation prompted the states south of Sutlej seek British protection limiting his expansion on this side but he made it up by expansion towards North-West. He was the first Indian ruler to reverse the process of attacks on India from that side.

The illness of the Maharaja and unheeding of the suggestion of the brave

general Hari Singh Nalwa that the man to succeed him should be selected by the Khalsa through the institution of the 'Panj Piaras' brought an early downfall to this great republic who claimed respect from even the mighty British as the selfish traitors used his weak successors for self-interest.

S. Santokh Singh Jagdev, through this eighth book in the 'Bed Time Stories' series has depicted in brief the efforts, struggle, sacrifices and heroism that went in the formation of the Khalsa republics. I pray that his efforts to make the young generation familiar with the Sikh heritage be blessed by the Supreme Being.

In the end, I take liberty to point out that while there are many institutions and memorials bearing the name of Maharaja Ranjit Singh, little has been done to perpetuate the memory of the founder of the first Khalsa republic, that sorcerer turned Singh, the brave warrior Baba Banda Singh Bahadur.

2-Shaheed Bhagat Singh Nagar
Ferozepur City

**K.P. Singh Brar**

# ਬਚਪਨ ਦੀ ਅਨੋਖੀ ਘਟਨਾ

ਬਾਬਾ ਬੰਦਾ ਸਿੰਘ ਬਹਾਦਰ ਦਾ ਬਚਪਨ ਦਾ ਨਾਉਂ ਲਛਮਣ ਦਾਸ ਸੀ। ਆਪ ਦਾ ਜਨਮ 27 ਅਕਤੂਬਰ 1670 ਈਸਵੀ ਨੂੰ ਕਸ਼ਮੀਰ ਦੀ ਰਿਆਸਤ ਪੁੰਛ ਦੇ ਕਿਲ੍ਹੇ ਤੱਛਲ ਵਿਚ ਹੋਇਆ, ਜਿੱਥੇ ਆਪ ਦੇ ਪਿਤਾ ਸ੍ਰੀ ਰਾਜਦੇਵ,ਕਿਲ੍ਹੇਦਾਰ ਸਨ। ਰਾਜਪੂਤ ਘਰਾਣਾ ਹੋਣ ਕਾਰਨ ਆਪ ਦੇ ਮਾਤਾ ਪਿਤਾ ਨੇ ਆਪ ਦੀ ਪੜ੍ਹਾਈ ਵੱਲ ਕੋਈ ਧਿਆਨ ਨਾ ਦਿੱਤਾ। ਲਛਮਣ ਦਾਸ ਆਪਣੇ ਦੋਸਤਾਂ ਨਾਲ ਮਿਲ ਕੇ ਸ਼ਿਕਾਰ ਖੇਡਦਾ, ਕੁਸ਼ਤੀਆਂ ਲੜਦਾ, ਘੋੜ-ਸਵਾਰੀ ਕਰਦਾ ਤੇ ਹੋਰ ਖੇਡਾਂ ਖੇਡਦਾ ਬੜੀ ਖ਼ੁਸ਼ੀ ਖ਼ੁਸ਼ੀ ਬਚਪਨ ਗੁਜ਼ਾਰ ਰਿਹਾ ਸੀ।


ਇਕ ਦਿਨ ਲਛਮਣ ਦਾਸ ਨੇ ਇਕ ਹਰਨੀ ਦਾ ਸ਼ਿਕਾਰ ਕੀਤਾ। ਉਸ ਹਰਨੀ ਦਾ ਜਦੋਂ ਪੇਟ ਚੀਰਿਆ ਤਾਂ ਉਸ ਵਿਚੋਂ ਦੋ ਜਿਊਂਦੇ ਬੱਚੇ ਨਿਕਲੇ। ਉਹ ਬੱਚੇ ਤੜਫ ਤੜਫ ਕੇ ਲਛਮਣ ਦਾਸ ਦੇ ਸਾਹਮਣੇ ਮਰ ਗਏ। ਉਨ੍ਹਾਂ ਬੱਚਿਆਂ ਦੇ ਮਰਨ ਦਾ ਉਸਦੇ ਮਨ ਉੱਪਰ ਬਹੁਤ ਬੁਰਾ ਅਸਰ ਪਿਆ। ਉਸ ਦਿਨ ਤੋਂ ਉਸ ਨੇ ਸ਼ਿਕਾਰ ਖੇਡਣਾ ਬੰਦ ਕਰ ਦਿੱਤਾ ਤੇ ਵੈਸ਼ਨੂ ਬਣ ਗਿਆ। ਮਨ ਦੀ ਸ਼ਾਂਤੀ ਲਈ ਉਹ ਸਾਧਾਂ ਸੰਤਾਂ ਦੀ ਸੰਗਤ ਕਰਨ ਲਗ ਪਿਆ। ਇਕ ਦਿਨ ਇਕ ਬੈਰਾਗੀ ਜਾਨਕੀ ਪ੍ਰਸ਼ਾਦ ਆਪਣੀ ਮੰਡਲੀ ਨਾਲ ਉਨ੍ਹਾਂ ਦੇ ਪਿੰਡ ਆਇਆ। ਲਛਮਣ ਦਾਸ ਨੇ ਉਸ ਨੂੰ ਗੁਰੂ ਧਾਰਨ ਕਰ ਲਿਆ। ਪੰਦਰਾਂ ਸਾਲਾਂ ਦੀ ਉਮਰ ਵਿਚ ਉਸ ਨੇ ਘਰ ਬਾਰ ਤਿਆਗ ਦਿੱਤਾ ਤੇ ਉਸ ਮੰਡਲੀ ਨਾਲ ਤੁਰ ਗਿਆ। ਜਾਨਕੀ ਪ੍ਰਸ਼ਾਦ ਨੇ ਲਛਮਣ ਦਾਸ ਦਾ ਨਾਉਂ ਬਦਲ ਕੇ ਜੋਗੀਆਂ ਵਾਲਾ ਨਾਉਂ ਮਾਧੋ ਦਾਸ ਰੱਖ ਦਿੱਤਾ ਤੇ ਬੈਰਾਗੀਆਂ ਵਾਲਾ ਬਾਣਾ ਪਹਿਨਾ ਦਿੱਤਾ।

1686 ਈਸਵੀ ਦੇ ਵੈਸਾਖੀ ਦੇ ਮੇਲੇ ਉੱਪਰ ਉਹ ਬੈਰਾਗੀਆਂ ਦੀ ਮੰਡਲੀ ਕਸੂਰ ਦੇ ਨੇੜੇ ਬਾਬਾ ਰਾਮ ਥੰਮ੍ਹਣ ਦੇ ਡੇਰੇ ਪੁੱਜੀ। ਉੱਥੇ ਮਾਧੋ ਦਾਸ ਦਾ ਮੇਲ ਇਕ ਹੋਰ ਬੈਰਾਗੀ ਰਾਮ ਦਾਸ ਨਾਲ ਹੋਇਆ। ਮਾਧੋ ਦਾਸ ਨੇ ਉਸ ਨੂੰ ਗੁਰੂ ਧਾਰ ਲਿਆ। ਉਸ ਦਾ ਖ਼ਿਆਲ ਸੀ ਕਿ ਸ਼ਾਇਦ ਉਸ ਦੀ ਸ਼ਾਗਿਰਦੀ ਨਾਲ ਮਨ ਨੂੰ ਸ਼ਾਂਤੀ ਮਿਲ ਜਾਵੇ। ਪੰਜ ਛੇ ਸਾਲ ਦੇ ਯੋਗ ਧਾਰਨ ਕਰਨ ਪਿਛੋਂ ਵੀ ਉਸ ਦਾ ਮਨ ਉਸੇ ਤਰ੍ਹਾਂ ਅਸ਼ਾਂਤ ਰਿਹਾ, ਜਿਸ ਤਰ੍ਹਾਂ ਹਰਨੀ ਦੇ ਬੱਚਿਆਂ ਦੇ ਮਰਨ ਸਮੇਂ ਸੀ। ਉਸ ਨੂੰ ਤੀਰਥਾਂ ਦੇ ਚੱਕਰਾਂ ਤੇ ਸਾਧੂਆਂ ਦੀ ਸੰਗਤ ਪਾਸੋਂ ਕੋਈ ਸ਼ਾਂਤੀ ਤਾਂ ਨਾ ਮਿਲੀ ਪਰ ਉਨ੍ਹਾਂ ਯੋਗੀਆਂ ਪਾਸੋਂ ਉਸ ਨੇ ਪੜ੍ਹਨਾ ਲਿਖਣਾ ਸਿਖ ਲਿਆ। ਉਸ ਨੇ ਥਾਂ ਥਾਂ ਦੇ ਚੱਕਰ ਕੱਟਣ ਪਿਛੋਂ ਨਾਸਕ ਪਹੁੰਚ ਕੇ, ਗੁਦਾਵਰੀ ਦੇ ਕੰਢੇ ਚੰਗੀ ਥਾਂ ਦੇਖ ਕੇ ਡੇਰਾ ਜਮਾ ਲਿਆ।

ਮਾਧੋ ਦਾਸ ਦੇ ਡੇਰੇ ਇਕ ਦਿਨ ਰਿਧੀਆਂ-ਸਿਧੀਆਂ ਦੇ ਜਾਣਨ ਵਾਲਾ ਇਕ ਯੋਗੀ ਔਘੜ ਨਾਥ ਆ ਗਿਆ। ਮਾਧੋ ਦਾਸ ਨੇ ਰਿਧੀਆਂ-ਸਿਧੀਆਂ ਪ੍ਰਾਪਤ ਕਰਨ ਲਈ ਉਸ ਦੀ ਬਹੁਤ ਸੇਵਾ ਕੀਤੀ। ਉਹ ਮਾਧੋ ਦਾਸ ਦੀ ਸੇਵਾ ਉੱਪਰ ਬਹੁਤ ਖ਼ੁਸ਼ ਹੋਇਆ। ਮਰਨ ਤੋਂ ਪਹਿਲਾਂ ਉਸ ਨੇ ਆਪਣੀ ਰਿਧੀਆਂ-ਸਿਧੀਆਂ ਦੀ ਪੋਥੀ ਮਾਧੋ ਦਾਸ ਨੂੰ ਸੌਂਪ ਦਿੱਤੀ। 1692 ਈਸਵੀ ਵਿਚ ਔਘੜ ਨਾਥ ਦੀ ਮੌਤ ਪਿਛੋਂ ਮਾਧੋ ਦਾਸ ਨੇ ਨਾਂਦੇੜ ਦੇ ਨੇੜੇ ਕੁਟੀਆ ਬਣਾ ਲਈ ਅਤੇ ਉਸ ਵਿਚ ਬੈਠ ਕੇ ਲੋਕਾਂ ਨੂੰ ਆਪਣੀ ਨਵੀਂ ਵਿਦਿਆ ਦੇ ਚਮਤਕਾਰ ਦਿਖਾਉਣੇ ਸ਼ੁਰੂ ਕਰ ਦਿੱਤੇ। ਜੰਤਰਾਂ ਮੰਤਰਾਂ ਦੇ ਖਿਚੇ ਹੋਏ ਲੋਕੀ ਉਸ ਦੇ ਮਗਰ ਲਗ ਗਏ। ਬਹੁਤ ਸਾਰੇ ਪੇਂਡੂ ਤੇ ਸ਼ਹਿਰੀ ਲੋਕ ਉਸ ਦੇ ਸ਼ਰਧਾਲੂ ਬਣ ਗਏ। ਡੇਰੇ ਵਿਚ ਸ਼ਰਧਾਲੂਆਂ ਵਲੋਂ ਕਾਫ਼ੀ ਚੜ੍ਹਾਵਾ ਆਉਣ ਲਗ ਪਿਆ। ਖਾਣ ਪੀਣ ਨੂੰ ਮੁਫ਼ਤ ਮਿਲਦਾ ਦੇਖ ਕੇ ਉਸ ਦੇ ਬਹੁਤ ਸਾਰੇ ਚੇਲੇ ਬਣ ਗਏ। ਸੁੱਖਣਾ ਦੇ ਬੱਕਰੇ ਡੇਰੇ ਭੇਟ ਹੋਣ ਲੱਗੇ। ਮਾਧੋ ਦਾਸ ਤਾਂ ਵੈਸ਼ਨੋ ਸੀ। ਬੱਕਰਿਆਂ ਨੂੰ ਡੇਰੇ ਵਿਚ ਖੁਲ੍ਹੇ ਛੱਡ ਦਿੱਤਾ ਜਾਂਦਾ। ਮਾਧੋ ਦਾਸ ਨੇ ਆਪਣੀ ਤਾਕਤ ਦਾ ਦਿਖਾਵਾ ਕਰਨ ਲਈ ਡੇਰੇ ਵਿਚ ਇਕ ਵੱਡਾ ਪਲੰਘ ਬਣਵਾਇਆ ਹੋਇਆ ਸੀ। ਉਸ ਉੱਪਰ ਹਰ ਆਉਣ ਵਾਲੇ ਸਾਧੂ ਨੂੰ ਬੜੇ ਆਦਰ ਨਾਲ ਬਿਠਾਇਆ ਜਾਂਦਾ। ਉਸ ਪਿਛੋਂ ਮਾਧੋ ਦਾਸ ਆਪਣੇ ਜਾਦੂ ਨਾਲ ਉਸ ਪਲੰਘ ਨੂੰ ਉਲਟਾ ਦਿੰਦਾ, ਜਿਸ ਕਰਕੇ ਸਾਧੂ ਪਲੰਘ ਤੋਂ ਡਿੱਗ ਪੈਂਦਾ ਅਤੇ ਉਸ ਦੇ ਚੇਲੇ ਤਾੜੀਆਂ ਮਾਰ ਕੇ ਹੱਸ ਪੈਂਦੇ। ਇਸ ਤਰ੍ਹਾਂ ਹਰ ਸਾਧੂ ਦੀ ਬੜੀ ਬੇਇਜ਼ਤੀ ਕੀਤੀ ਜਾਂਦੀ। ਮਾਧੋ ਦਾਸ ਦਾ ਇਹ ਪਲੰਘ ਦੂਰ ਦੂਰ ਤਕ ਮਸ਼ਹੂਰ ਹੋ ਗਿਆ ਸੀ।

# ਬਚਪਨ ਦੀ ਅਨੋਖੀ ਘਟਨਾ

# Extraordinary Happening of Childhood




# *Extraordinary Happening of Childhood*

As child Baba Banda Singh Bahadur was named Lachhman Dass. He was born on 27th October, 1670 AD, in the fort of Tachhal in the Poonch state of Kashmir where his father, Raj Dev, was garrison commander. Being a Rajput family, his parents did not pay any attention to his education. He was spending his childhood happily indulging in hunting, wrestling, riding and other sports with his friends.

One day Lachhman Dass hunted a doe. When the abdomen of the doe was slit open, two live fawns came out. Those fawns died in agony before the eyes of Lachhman Dass. The death of those fawns had a profound effect on his mind. From that day, he gave up hunting and became a vegetarian. He started keeping company with hermits and saints for peace of mind. One day a recluse named Janaki Parasad, came to his village with his followers. Lachhman Dass became his disciple. He renounced his home and hearth at the age of fifteen and joined that group. Janaki Parasad changed his name from Lachhman Dass to Madho Dass in keeping with the yogis and made him don the dress of the recluses.

On the occasion of Vaisakhi in 1686 AD, that group of the yogis came to the hermitage of Baba Ram Thaman near Kasoor. There Madho Dass came in contact with another ascetic, Ram Dass. Madho Dass became his disciple. He thought that his tutelage might give him peace of mind. Even after five or six years' yoga, his mind remained as disturbed as it was at the time of death of the fawns. The pilgrimages to holy places and company of hermits gave him no solace but he learnt to read and write from those sadhus. After wandering a great deal, he reached Nasik and finding a good place on the banks of river Godawari, set up his hermitage.

One day, a yogi named Augarh Nath who had a knowledge of supernatural powers, came to the hermitage of Madho Dass. To attain such powers, Madho Dass served him a lot. He was very pleased at the service of Madho Dass. Before his death, he entrusted his book of supernatural powers to Madho Dass. In 1692 AD, after the death of Augarh Nath, Madho Dass made a hut near Nanded. Sitting in that hut, Madho Dass started showing the powers of his new knowledge to the people. Lured by charms and incantations people were drawn to him. Many villagers and townsfolk became his devotees. There was an abundance of offerings in the hermitage. Finding free food and drink, a number of men became his disciples. Goats were being offered in the hermitage. Madho Dass was a vegetarian. The goats were left free to roam in the hermitage. To show off his powers Madho Dass got a big bed made. Every sadhu who came to the hermitage was respectfully asked to sit on that bed. After that, Madho Dass, overturned the bed with his magic which caused the sadhu to fall. His disciples clapped and laughed. In this way, every sadhu was subjected to great insult. This bed of Madho Dass had become famous far and wide.



ਗੁਰੂ ਗੋਬਿੰਦ ਸਿੰਘ ਨਾਲ ਮਿਲਾਪ

**Meeting with Guru Gobind Singh**

# ਗੁਰੂ ਗੋਬਿੰਦ ਸਿੰਘ ਨਾਲ ਮਿਲਾਪ

ਗੁਰੂ ਗੋਬਿੰਦ ਸਿੰਘ ਜੀ ਨੇ ਦੇਖਿਆ ਕਿ ਨਵਾਂ ਬਣਿਆ ਬਾਦਸ਼ਾਹ ਬਹਾਦਰ ਸ਼ਾਹ ਆਪਣੇ ਪੈਰ ਪੱਕੇ ਕਰਨ ਲਈ ਮੌਲਵੀਆਂ ਤੇ ਮੌਲਾਣਿਆਂ ਦੇ ਪ੍ਰਭਾਵ ਹੇਠ ਕੰਮ ਕਰਦਾ ਹੈ। ਇਸ ਨੂੰ ਦੇਸ਼ ਵਿਚ ਹੁੰਦੇ ਜ਼ੁਲਮ ਹਟਾਉਣ ਦੀ ਕੋਈ ਪ੍ਰਵਾਹ ਨਹੀਂ। ਇਸ ਪਾਸੋਂ ਉਮੀਦ ਨਹੀਂ ਰੱਖੀ ਜਾ ਸਕਦੀ ਕਿ ਇਹ ਆਪਣੇ ਰਾਜ ਵਿਚ ਸਾਰੇ ਧਰਮਾਂ ਨੂੰ ਇਕੋ ਜਿਹਾ ਦਰਜਾ ਦੇਵੇਗਾ ਤੇ ਜ਼ਾਲਮਾਂ ਨੂੰ ਧਰਮ ਦੇ ਨਾਂ ਉੱਪਰ ਕਰ ਰਹੇ ਅੱਤਿਆਚਾਰਾਂ ਦੀ ਸਜ਼ਾ ਦੇਵੇਗਾ। ਇਸ ਲਈ ਗੁਰੂ ਜੀ ਨੇ ਦੱਖਣ ਪਹੁੰਚ ਕੇ ਨਾਂਦੇੜ ਦੇ ਸਥਾਨ ਉੱਪਰ ਬਾਦਸ਼ਾਹ ਦਾ ਸਾਥ ਛਡ ਦਿੱਤਾ ਤੇ ਮਾਧੋ ਦਾਸ ਦੇ ਡੇਰੇ ਨੂੰ ਚਲ ਪਏ।

ਗੁਰੂ ਜੀ ਨੂੰ ਦਾਦੂ ਦੁਆਰੇ ਬੈਰਾਗੀ ਮਹੰਤ ਜੈਤ ਰਾਮ ਨੇ ਦੱਸਿਆ ਸੀ ਕਿ ਕਿਵੇਂ ਮਾਧੋ ਦਾਸ ਨੇ ਉਸ ਦੀ ਡੇਰੇ ਗਏ ਦੀ ਬੇਇਜ਼ਤੀ ਕੀਤੀ ਸੀ ਤੇ ਗੁਰੂ ਜੀ ਨੂੰ ਉਸਦੇ ਡੇਰੇ ਨਾ ਜਾਣ ਦੀ ਪ੍ਰੇਰਨਾ ਵੀ ਕੀਤੀ ਸੀ। ਗੁਰੂ ਜੀ ਤਾਂ ਰਾਹੋਂ ਭਟਕਿਆਂ ਨੂੰ ਸੱਚਾ ਮਾਰਗ ਦਿਖਾਉਂਦੇ ਫਿਰਦੇ ਸਨ। ਉਹ ਮਾਧੋ ਦਾਸ ਨੂੰ ਨਾਟਕਾਂ ਚੇਟਕਾਂ ਦੀ ਦੁਨੀਆਂ ਵਿਚੋਂ ਕੱਢਣ ਲਈ 3 ਸਤੰਬਰ 1708 ਈਸਵੀ ਨੂੰ ਉਸ ਦੇ ਡੇਰੇ ਆਪਣੇ ਸਿੰਘਾਂ ਨਾਲ ਪੁੱਜ ਗਏ। ਮਾਧੋ ਦਾਸ ਡੇਰੇ ਵਿਚ ਹਾਜ਼ਰ ਨਹੀਂ ਸੀ। ਡੇਰੇ ਵਿਚ ਬਹੁਤ ਸਾਰੇ ਬੱਕਰੇ ਫਿਰਦੇ ਦੇਖ ਕੇ ਗੁਰੂ ਜੀ ਨੇ ਸਿੰਘਾਂ ਨੂੰ ਹੁਕਮ ਕੀਤਾ ਕਿ ਕੁਝ ਬੱਕਰੇ ਝਟਕਾ ਕੇ ਖਾਣ ਦਾ ਆਹਰ ਕਰ ਲਵੋ। ਸਿੰਘਾਂ ਨੂੰ ਬੱਕਰੇ ਝਟਕਾਉਂਦਿਆਂ ਦੇਖ ਕੇ ਮਾਧੋ ਦਾਸ ਦੇ ਚੇਲਿਆਂ ਨੇ ਉਸ ਨੂੰ ਜਾ ਦੱਸਿਆ।

ਮਾਧੋ ਦਾਸ ਨੇ ਡੇਰੇ ਪੁੱਜ ਕੇ ਆਪਣੀ ਅੱਖੀਂ ਬੱਕਰੇ ਝਟਕੇ ਦੇਖੇ, ਬਗੀਚੇ ਦੇ ਫੁਲ ਟੁੱਟੇ ਦੇਖੇ ਅਤੇ ਗੁਰੂ ਜੀ ਨੂੰ ਉਸ ਪਲੰਘ ਉੱਪਰ ਬੜੇ ਆਰਾਮ ਨਾਲ ਲੇਟੇ ਦੇਖਿਆ, ਜਿਸਨੂੰ ਉਹ ਆਪਣੇ ਜਾਦੂ ਨਾਲ ਉਲਟਾ ਕੇ, ਆਉਣ ਵਾਲੇ ਸਾਧੂਆਂ ਦਾ ਤਮਾਸ਼ਾ ਦੇਖਦਾ ਸੀ। ਉਸ ਨੇ ਪਲੰਘ ਨੂੰ ਉਲਟਾਉਣ ਦੀ ਕੋਸ਼ਿਸ਼ ਕੀਤੀ ਪਰ ਅੱਜ ਰਿਧੀਆਂ ਸਿਧੀਆਂ ਪਾਸੋਂ ਪਲੰਘ ਨਾ ਉਲਟਾਇਆ ਗਿਆ। ਸਾਰੀਆਂ ਸ਼ਕਤੀਆਂ ਖ਼ਤਮ ਹੋਈਆਂ ਦੇਖ ਕੇ ਬੜਾ ਨਿਰਾਸ਼ ਹੋਇਆ ਤੇ ਬੜੇ ਗੁੱਸੇ ਵਿਚ ਗੁਰੂ ਜੀ ਨੂੰ ਕਹਿਣ ਲੱਗਾ, "ਮੇਰੀ ਕੁਟੀਆ ਇਕ ਵੈਸ਼ਨੋ ਸਾਧੂ ਦਾ ਡੇਰਾ ਸੀ। ਤੁਸੀਂ ਜੀਵ-ਹੱਤਿਆ ਕਰ ਕੇ ਮੇਰੀ ਕੁਟੀਆ ਪਲੀਤ ਕਰ ਦਿੱਤੀ ਹੈ। ਬੱਕਰਿਆਂ ਦਾ ਖ਼ੂਨ ਡੁਲ੍ਹ ਜਾਣ ਨਾਲ ਮੇਰੇ ਪੂਜਾ ਪਾਠ ਕਰਨ ਲਈ ਕੋਈ ਥਾਂ ਪਵਿੱਤਰ ਨਹੀਂ ਰਹੀ। ਮੇਰੀਆਂ ਰਿਧੀਆਂ-ਸਿਧੀਆਂ ਦਾ ਅਸਰ ਇਸ ਡੇਰੇ ਵਿਚ ਖ਼ੂਨ ਡੁਲ੍ਹ ਜਾਣ ਨਾਲ ਨਸ਼ਟ ਹੋ ਗਿਆ ਹੈ। ਮੇਰੀ ਪਿਛਲੇ ਸੋਲ੍ਹਾਂ ਸਾਲਾਂ ਦੀ ਭਗਤੀ ਤੇ ਤਪੱਸਿਆ ਨਿਸਫਲ ਹੋ ਗਈ। ਮੈਂ ਹੁਣ ਆਪਣੇ ਸ਼ਰਧਾਲੂਆਂ ਦੀਆਂ ਮੰਗਾਂ ਪੂਰੀਆਂ ਨਹੀਂ ਕਰ ਸਕਾਂਗਾ।"

ਗੁਰੂ ਜੀ ਨੇ ਕਿਹਾ, "ਓ ਬੁਜ਼ਦਿਲ ਬੈਰਾਗੀ! ਤੇਰੇ ਦੇਸ਼ ਵਿਚ ਹਜ਼ਾਰਾਂ ਨਿਰਦੋਸ਼ ਮਰਦਾਂ, ਇਸਤਰੀਆਂ ਤੇ ਬੱਚਿਆਂ ਨੂੰ ਹਰ ਰੋਜ਼ ਕਤਲ ਕੀਤਾ ਜਾਂਦਾ ਹੈ। ਦੇਸ਼ ਦੇ ਹਰ ਕੋਨੇ ਵਿਚ ਧਰਮ ਦੇ ਨਾਂ ਉੱਪਰ ਜ਼ੁਲਮ ਹੋ ਰਿਹਾ ਹੈ। ਹਕੂਮਤ ਨੇ ਕਸਾਈ ਦਾ ਰੂਪ ਧਾਰ ਰੱਖਿਆ ਹੈ। ਧਰਮ ਅਸਥਾਨਾਂ ਦੀ ਆਏ ਦਿਨ ਦੁਰਦਸ਼ਾ ਹੁੰਦੀ ਹੈ। ਤੇਰੇ ਵਰਗੇ ਬਹਾਦਰ ਨੂੰ ਦੁਖੀਆਂ ਦੇ ਦਰਦ ਦੂਰ ਕਰਨ ਲਈ ਮਰ ਮਿਟਣਾ ਚਾਹੀਦਾ ਹੈ।" ਇਹ ਸੁਣ ਕੇ ਮਾਧੋ ਦਾਸ ਨੂੰ ਆਪਣੀ ਭੁੱਲ ਦਾ ਗਿਆਨ ਹੋ ਗਿਆ। ਉਸ ਨੇ ਗੁਰੂ ਜੀ ਦੇ ਚਰਨਾਂ ਉਪਰ ਆਪਣਾ ਸਿਰ ਧਰ ਦਿੱਤਾ। ਗੁਰੂ ਜੀ ਨੇ ਪੁੱਛਿਆ, "ਤੇਰਾ ਨਾਂ ਕੀ ਏ ?" ਮਾਧੋ ਦਾਸ ਨੇ ਉੱਤਰ ਦਿੱਤਾ, "ਬੰਦਾ।" ਗੁਰੂ ਜੀ ਨੇ ਫਿਰ ਪੁੱਛਿਆ, "ਕਿਸ ਦਾ ਬੰਦਾ ?" ਅਗੋਂ ਉੱਤਰ ਮਿਲਿਆ, "ਆਪ ਦਾ ਬੰਦਾ।" ਗੁਰੂ ਜੀ ਨੇ ਕਿਹਾ, "ਅੱਜ ਤੋਂ ਤੂੰ ਮਾਧੋ ਦਾਸ ਨਹੀਂ ਰਿਹਾ, ਬੰਦਾ ਸਿੰਘ ਬਹਾਦਰ ਹੋ ਗਿਆ ਏਂ। ਪਹਿਲਾਂ ਤੂੰ ਨਿਰਬਲ ਜੀਵਾਂ ਦਾ ਸ਼ਿਕਾਰ ਕਰਨ ਲਈ ਤੀਰ ਵਰਤਦਾ ਸੀ, ਹੁਣ ਮੈਂ ਤੈਨੂੰ ਜ਼ਾਲਮਾਂ ਦਾ ਸ਼ਿਕਾਰ ਕਰਨ ਲਈ ਤੀਰ ਭੇਟ ਕਰਾਂਗਾ।"

# *Meeting with Guru Gobind Singh*

Guru Gobind Singh noted, "The new King Bahadur Shah is working under the influence of maulvis and Muslim scholars to consolidate his position. He has no care about the tyranny being perpetrated in the country. He cannot be hoped to give equal status to all the religions in his kingdom and punish the tyrants for the atrocities being committed in the name of religion." In view of this the Guru parted company with the King in the South, at Nanded and started for the hermitage of Madho Dass.

Mahant Jait Ram, a recluse of Dadu Dwara told the Guru, the way Madho Dass had humiliated him when he had gone there and counselled him not to go to his hermitage. To extricate Madho Dass out of his world of tricks and fancy, the Guru reached his hermitage with his Singhs on 3rd September, 1708 A.D. Madho Dass was not present there. Seeing a lot of goats roaming in the hermitage, the Guru ordered the Singhs to slaughter some and cook them for a meal. Seeing the Singhs slaughter the goats, the disciples of Madho Dass went to him and told him.

When Madho Dass reached his hermitage, he saw with his own eyes, the goats slaughtered, flowers in his garden plucked and the Guru comfortably resting on the bed which he used to upturn and make fun of the sadhus who came to him. He tried to overturn the bed but his supernatural powers failed totally. He was disappointed at the loss of all his powers and addressed the Guru in great anger, "My hut was the abode of a vegetarian sadhu. You have defiled it by animal slaughter. With the spilling of blood of goats, no place in it is left holy for my worship and prayers. The effect of my supernatural powers has been destroyed by spilling of blood in the hermitage. My worship and penance of the last sixteen years has come to naught. Now, I shall not be able to fulfil the wishes of my devotees."

The Guru said, "O coward ascetic! Thousands of innocent men, women and children are slaughtered in your country everyday. Tyranny is being committed in the name of religion in every nook and corner of the country. The government has turned into a butcher. Religious places are being defiled everyday. A brave man like you should die to amend the sufferings of those in distress." On hearing this, Madho Dass realised his mistake. He placed his head at the feet of the Guru. The Guru asked him, "What is your name?" Banda, the slave, was the reply of Madho Dass. The Guru again asked, "Whose Banda?" He got the reply, "Your Banda." Then the Guru said, "You are no more Madho Dass. From today you have become Banda Singh Bahadur (brave). Before, you used arrows to kill powerless animals; now I shall present you with arrows to hunt the tyrants."

# ਪੰਜਾਬ ਦੀ ਤਿਆਰੀ

ਗੁਰੂ ਜੀ ਨੇ ਮਾਧੋ ਦਾਸ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਬੰਦਾ ਸਿੰਘ ਬਹਾਦਰ ਬਣਾ ਦਿੱਤਾ। ਉਸ ਨੇ ਜਦੋਂ ਸਿੰਘਾਂ ਪਾਸੋਂ ਦੇਸ਼ ਵਿਚ ਹੁੰਦੇ ਅੱਤਿਆਚਾਰਾਂ ਦੀਆਂ ਸਾਖੀਆਂ ਸੁਣੀਆਂ ਤਾਂ ਉਸ ਦਾ ਮਨ ਪੰਜਾਬ ਜਾ ਕੇ ਜ਼ਾਲਮਾਂ ਦਾ ਅੰਤ ਕਰਨ ਲਈ ਕਾਹਲਾ ਪੈਣ ਲਗਿਆ। ਉਨ੍ਹਾਂ ਦਿਨਾਂ ਵਿਚ ਸਰਹੰਦ ਦੇ ਸੂਬੇਦਾਰ ਵੱਲੋਂ ਭੇਜੇ ਗੁਲ ਖ਼ਾਨ ਨੇ ਤੰਬੂ ਵਿਚ ਆਰਾਮ ਕਰ ਰਹੇ ਗੁਰੂ ਜੀ ਉੱਪਰ ਛੁਰੇ ਦਾ ਵਾਰ ਕਰ ਦਿੱਤਾ। ਉਸ ਛੁਰੇ ਦੇ ਵਾਰ ਦਾ ਜ਼ਖ਼ਮ ਬਹੁਤ ਗਹਿਰਾ ਸੀ। ਉਸ ਜ਼ਖ਼ਮ ਦੇ ਠੀਕ ਹੋਣ ਤੱਕ ਗੁਰੂ ਜੀ ਯੁੱਧ ਵਿਚ ਹਿੱਸਾ ਨਹੀਂ ਲੈ ਸਕਦੇ ਸਨ, ਪਰ ਜ਼ਾਲਮਾਂ ਨੂੰ ਸੋਧਣ ਦਾ ਕੰਮ ਹੋਰ ਅੱਗੇ ਵੀ ਨਹੀਂ ਪਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਬੰਦਾ ਸਿੰਘ ਬਹਾਦਰ ਨੂੰ ਆਪਣੇ ਪਾਸ ਬੁਲਾ ਕੇ ਜ਼ਾਲਮਾਂ ਨੂੰ ਸੋਧਣ ਦਾ ਕੰਮ ਸਮਝਾ ਦਿੱਤਾ ਤੇ ਉਸ ਨੂੰ ਮੁਹਿੰਮ ਦਾ ਜਥੇਦਾਰ ਥਾਪ ਦਿੱਤਾ। ਸਲਾਹ ਮਸ਼ਵਰੇ ਲਈ ਗੁਰੂ ਜੀ ਨੇ ਉਸ ਨਾਲ ਜਾਣ ਲਈ ਪੰਜ ਪਿਆਰੇ, ਭਾਈ ਬਿਨੋਦ ਸਿੰਘ,ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਤੇ ਭਾਈ ਰਣ ਸਿੰਘ ਤਿਆਰ ਕਰ ਦਿੱਤੇ।

ਗੁਰੂ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਵੀਹ ਸਿੰਘਾਂ ਦਾ ਜਥਾ, ਕੁਝ ਹੁਕਮਨਾਮੇ ਪੰਜਾਬ ਦੀ ਸੰਗਤ ਦੇ ਨਾਂ, ਇਕ ਨਿਸ਼ਾਨ ਸਾਹਿਬ, ਇਕ ਨਗਾਰਾ ਤੇ ਪੰਜ ਤੀਰ ਆਪਣੇ ਭੱਥੇ ਵਿਚੋਂ ਦੇ ਕੇ ਪੰਜਾਬ ਨੂੰ ਵਿਦਾ ਕੀਤਾ। ਦਿੱਲੀ ਲੰਘ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਰਸਤੇ ਵਿਚ ਆਉਂਦੇ ਹਰ ਪਿੰਡ ਵਿਚ ਐਲਾਨ ਕਰਵਾਉਣਾ ਸ਼ੁਰੂ ਕਰ ਦਿੱਤਾ, "ਅਸੀਂ ਪੇਸ਼ਾਵਰ ਧਾੜਵੀਆਂ ਤੇ ਜ਼ਾਲਮ ਹਾਕਮਾਂ ਦੇ ਅੱਤਿਆਚਾਰਾਂ ਤੋਂ ਗ਼ਰੀਬ ਨਿਤਾਣੀ ਜਨਤਾ ਨੂੰ ਛੁਡਾਉਣ ਲਈ ਭੇਜੇ ਗਏ ਹਾਂ। ਖਾਣ ਪੀਣ ਦੀਆਂ ਵਸਤੂਆਂ ਤੋਂ ਬਿਨਾਂ ਸਾਨੂੰ ਕਿਸੇ ਹੋਰ ਸ਼ੈਅ ਦੀ ਭੁੱਖ ਨਹੀਂ। ਆਓ! ਤੁਸੀਂ ਵੀ ਸਾਡੇ ਨਾਲ ਮਿਲ ਜਾਓ। ਅਸੀਂ ਤੁਹਾਨੂੰ ਮੁਲਕ ਦੇ ਹਾਕਮ ਬਣਾ ਦਿਆਂਗੇ। ਜ਼ੁਲਮ ਅਤੇ ਅੱਤਿਆਚਾਰ ਦੇ ਖ਼ਿਲਾਫ਼ ਲੜਨਾ ਤੁਹਾਡਾ ਸਾਰਿਆਂ ਦਾ ਧਰਮ ਹੈ।"

ਸਿਖ ਸੰਗਤ ਨੂੰ ਜਦੋਂ ਪਤਾ ਲੱਗਾ ਕਿ ਬਾਬਾ ਬੰਦਾ ਸਿੰਘ ਬਹਾਦਰ ਗੁਰੂ ਜੀ ਦੇ ਭੇਜੇ ਹੋਏ ਆਏ ਹਨ ਤਾਂ ਉਹ ਦਰਸ਼ਨਾਂ ਲਈ ਆਪਣੀਆਂ ਭੇਟਾਵਾਂ ਤੇ ਦਸਵੰਧ ਲੈ ਕੇ ਹਾਜ਼ਰ ਹੋਣ ਲੱਗੀ। ਬਾਬਾ ਜੀ ਪਾਸ ਹਰ ਸਮੇਂ ਮੋਹਰਾਂ ਦੇ ਢੇਰ ਲੱਗਣ ਲੱਗ ਪਏ। ਜਿਹੜਾ ਵੀ ਸਵਾਲੀ ਆਉਂਦਾ, ਉਸ ਨੂੰ ਬਾਬਾ ਜੀ ਮੋਹਰ ਤੋਂ ਘੱਟ ਨਾ ਦਿੰਦੇ। ਹਰ ਇਕ ਦੀ ਆਸ ਪੂਰੀ ਕਰਦੇ। ਦੁੱਧ ਮੰਗਣ ਵਾਲੇ ਨੂੰ ਦੁਧ, ਪੁੱਤਰ ਮੰਗਣ ਵਾਲੇ ਨੂੰ ਪੁੱਤਰ ਤੇ ਜੇ ਕੋਈ ਦੁਖੀਆ ਆਉਂਦਾ ਤਾਂ ਪ੍ਰਮਾਤਮਾ ਅੱਗੇ ਅਰਦਾਸ ਕਰ ਕੇ ਉਸ ਦਾ ਦੁੱਖ ਨਿਵਾਰਦੇ ਤੇ ਹਰ ਇਕ ਨੂੰ ਪ੍ਰਮਾਤਮਾ ਦਾ ਨਾਮ ਜਪਣ ਦਾ ਉਪਦੇਸ਼ ਕਰਦੇ।

ਦਿੱਲੀ ਤੋਂ ਵੀਹ ਮੀਲ ਦੂਰ 'ਸਿਹਰੀ ਤੇ ਖੰਡੀ' ਪਿੰਡ ਵਿਚ ਬੈਠ ਕੇ ਬਾਬਾ ਜੀ ਨਾਲ ਆਏ ਸਿੰਘਾਂ ਨੇ ਆਪਣੇ ਮਿੱਤਰਾਂ ਨੂੰ ਬਾਬਾ ਜੀ ਦਾ ਸਾਥ ਦੇਣ ਲਈ ਚਿੱਠੀਆਂ ਲਿਖ ਦਿੱਤੀਆਂ ਤੇ ਜਿਹੜੇ ਹੁਕਮਨਾਮੇ ਗੁਰੂ ਜੀ ਨੇ ਦਿੱਤੇ ਸਨ ਉਹ ਵੀ ਸੰਗਤਾਂ ਨੂੰ ਭੇਜ ਦਿੱਤੇ। ਬਾਬਾ ਜੀ ਨੇ ਪਿੰਡ ਪਿੰਡ ਵਿਚ ਆਪਣਾ ਪ੍ਰਚਾਰ ਜਾਰੀ ਰੱਖਿਆ। ਸਰਕਾਰੀ ਕਰਮਚਾਰੀਆਂ ਨੂੰ ਜਦੋਂ ਖ਼ਬਰ ਪੁੱਜੀ ਕਿ ਗੁਰੂ ਜੀ ਦਾ ਭੇਜਿਆ ਜਥਾ ਜ਼ਾਲਮਾਂ ਦੀ ਸੁਧਾਈ ਲਈ ਪੰਜਾਬ ਦੇ ਸਿੰਘਾਂ ਨੂੰ ਇਕੱਠੇ ਕਰ ਰਿਹਾ ਹੈ, ਤਾਂ ਉਨ੍ਹਾਂ ਨੇ ਪੰਜਾਬ ਦੇ ਸਿੰਘਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਮਿਲਣ ਤੋਂ ਰੋਕਣ ਲਈ ਦਰਿਆਵਾਂ ਦੇ ਪੱਤਣਾਂ ਉੱਪਰ ਜਾ ਕੇ ਨਾਕਾਬੰਦੀ ਕਰ ਦਿੱਤੀ। ਜਿਹੜੇ ਸਿੰਘ ਹੁਕਮਨਾਮੇ ਅਤੇ ਮਿੱਤਰਾਂ ਦੇ ਪੱਤਰ ਮਿਲਣ ਉਪਰ ਮਾਝੇ ਅਤੇ ਦੁਆਬੇ ਵਿਚ ਇਕੱਠੇ ਹੋਏ ਸਨ, ਉਹ ਸਾਰੇ ਕੀਰਤਪੁਰ ਪਹੁੰਚ ਕੇ ਬਾਬਾ ਜੀ ਵੱਲੋਂ ਨਵੀਂ ਸੂਚਨਾ ਦੀ ਉਡੀਕ ਕਰਨ ਲੱਗੇ। ਮਾਲਵੇ ਦੇ ਸਿੰਘ ਬਿਨਾਂ ਕਿਸੇ ਰੋਕ ਤੋਂ ਬਾਬਾ ਜੀ ਪਾਸ ਪੁੱਜਣ ਲੱਗੇ।

# ਪੰਜਾਬ ਦੀ ਤਿਆਰੀ

# Preparation for Punjab



# Preparation for Punjab

The Guru bestowed upon Madho Dass the blessing of 'Amrit' making him Banda Singh Bahadur. As he listened from the Singhs about the tyranny being perpetrated in the country, his mind became restless to go to Punjab to finish the tyrants. During those days Gul Khan who had been sent by the governor of Sirhind sneaked into the Guru's tent when he was resting and stabbed the Guru with a dagger. The wound inflicted by the dagger was very deep. The Guru could not take part in battles before it healed up. The Guru did not want to put off the chastisement of the tyrants any further. He called Banda Singh Bahadur to him and briefed him about the programme of chastisement of the tyrants. He appointed him the commander of that expedition. To advise him, the Guru got ready five 'Piaras' (loved ones) Bhai Binod Singh, Bhai Kahan Singh, Bhai Baaz Singh, Bhai Daya Singh and Bhai Ram Singh.

After giving Baba Banda Singh Bahadur another twenty Singhs, some decrees addressed to the devotees of Punjab, one standard, one drum and five arrows out of his quiver, the Guru sent him to Punjab. On crossing Delhi, the Baba started announcements in each village on the way, "We have been sent to rid the poor and hapless populace of the cruelty of the professional bandits and cruel rulers. We have no need for anything but food stuffs. Come and join us. We shall make you the masters of our country. It is sacred duty of all of you to fight against tyranny and oppression."

When Sikh devotees came to know that the Baba had been sent by the Guru, they started coming to him with offerings for audience. There remained an abundance of gold coins with the Baba at all the times. Anyone in need who came to the Baba got at least a gold coin. He fulfilled the wishes of everyone. He bestowed boons of milk or off springs on those who begged for these. For the suffering, he offered prayers to relieve their ills and taught everyone to recite the Word of God. People flocked to him for blessings and boons.

From village Sehri and Khandi, twenty miles from Delhi, the Singhs who had come with the Baba wrote letters to their friends to join hands with him. The decrees issued by the Guru were also despatched to the devotees. The squad of the Baba kept up their preaching in the villages. When the government officials came to know that a squad sent by the Guru is mobilizing the Singhs of Punjab to finish tyrants for their misdeeds, they put up blockades on the fords of the rivers to prevent them from joining the Baba's squad. The Singhs who had assembled in Majha and Doaba on receiving the decrees of the Guru and letters of friends reached Kiratpur and began waiting for the fresh information from the Baba. The Singhs of Malwa started joining the Baba without any hindrance.

# ਜ਼ਾਲਮਾਂ ਦੀ ਸੁਧਾਈ
## Punishing of Tyrants



# ਜ਼ਾਲਮਾਂ ਦੀ ਸੁਧਾਈ

ਸਰਹੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਨੇ ਸਿੰਘਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਝੰਡੇ ਹੇਠ ਇਕੱਠੇ ਹੁੰਦੇ ਸੁਣ ਕੇ ਆਲੀ ਸਿੰਘ ਨੂੰ ਆਪਣੇ ਪਾਸ ਬੁਲਾਇਆ। ਆਲੀ ਸਿੰਘ ਸਲੌਦੀ ਪਿੰਡ ਦਾ ਰਹਿਣ ਵਾਲਾ ਸੀ ਤੇ ਸੂਬੇਦਾਰ ਪਾਸ ਨੌਕਰ ਸੀ। ਸੂਬੇਦਾਰ ਨੇ ਉਸ ਨੂੰ ਮਖ਼ੌਲ ਵਜੋਂ ਕਿਹਾ, "ਸੁਣਿਆ ਹੈ ਤੁਹਾਡਾ ਇਕ ਹੋਰ ਗੁਰੂ ਆ ਰਿਹਾ ਹੈ। ਉਸ ਨੂੰ ਜਾ ਕੇ ਏਥੇ ਲੈ ਆ। ਅਸੀਂ ਉਸ ਦਾ ਤੁਹਾਡੇ ਪਹਿਲੇ ਗੁਰੂ ਦੇ ਪੁੱਤਰਾਂ ਨਾਲ ਮੇਲ ਜਲਦੀ ਕਰਵਾ ਦੇਵਾਂਗੇ।" ਆਲੀ ਸਿੰਘ ਨੂੰ ਸੂਬੇਦਾਰ ਦਾ ਇਹ ਸੀਨਾ ਵਿੰਨ੍ਹ ਦੇਣ ਵਾਲਾ ਮਖ਼ੌਲ ਚੰਗਾ ਨਾ ਲੱਗਿਆ। ਉਸ ਨੇ ਉੱਤਰ ਦਿੱਤਾ, "ਜੇ ਉਹ ਪੂਰਾ ਗੁਰੂ ਹੋਵੇਗਾ ਤਾਂ ਉਹ ਆਪੇ ਆ ਜਾਵੇਗਾ, ਤੁਹਾਨੂੰ ਬੁਲਾਉਣ ਦੀ ਲੋੜ ਨਹੀਂ ਪੈਣੀ। ਜਿਥੋਂ ਤਕ ਮੇਰੇ ਜਾਣ ਦਾ ਸਵਾਲ ਹੈ, ਤੁਸੀਂ ਮੇਰਾ ਹਿਸਾਬ ਅੱਜ ਕਰ ਦੇਵੋ, ਮੈਂ ਉਸ ਪਾਸ ਚਲਿਆ ਜਾਵਾਂਗਾ।"

ਆਲੀ ਸਿੰਘ ਦਾ ਇਹ ਉੱਤਰ ਸੁਣ ਕੇ ਸੂਬੇਦਾਰ ਨੇ ਆਲੀ ਸਿੰਘ ਤੇ ਹੋਰ ਉਸ ਦੇ ਸਾਥੀ ਸਿੰਘਾਂ ਨੂੰ ਜੇਲ੍ਹ ਵਿਚ ਬੰਦ ਕਰਵਾ ਦਿੱਤਾ। ਸਿੰਘ ਰਾਤ ਨੂੰ ਜੇਲ੍ਹ ਵਿਚੋਂ ਕਿਸੇ ਢੰਗ ਨਾਲ ਨਿਕਲ ਕੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਜਾ ਮਿਲੇ। ਆਲੀ ਸਿੰਘ ਦੇ ਪੁੱਜਣ ਨਾਲ ਬਾਬਾ ਜੀ ਪਾਸ ਪੰਜ ਸੌ ਸਿੰਘ ਹੋ ਗਏ। ਆਲੀ ਸਿੰਘ ਨੇ ਬਾਬਾ ਜੀ ਨੂੰ ਦੱਸਿਆ, "ਸਰਕਾਰ ਦੀ ਨਾਕਾਬੰਦੀ ਕਾਰਨ ਦਰਿਆ ਸਤਲੁਜ ਦੇ ਉੱਤਰ ਵੱਲ ਦੇ ਸਿੰਘ ਕੀਰਤਪੁਰ ਇਕੱਠੇ ਹੋ ਰਹੇ ਹਨ। ਉਨ੍ਹਾਂ ਦੀ ਉਡੀਕ ਕਰਨ ਦਾ ਕੋਈ ਲਾਭ ਨਹੀਂ, ਸਿਰਫ਼ ਸਮਾਂ ਖ਼ਰਾਬ ਕਰਨਾ ਹੈ। ਸਾਨੂੰ ਗੁਰੂ ਅੱਗੇ ਸਫ਼ਲਤਾ ਦੀ ਅਰਦਾਸ ਕਰ ਕੇ ਆਪਣਾ ਕਾਰਜ ਆਰੰਭ ਕਰ ਦੇਣਾ ਚਾਹੀਦਾ ਹੈ।"

ਬਾਬਾ ਜੀ ਨੇ ਆਲੀ ਸਿੰਘ ਦੀ ਦਿੱਤੀ ਸੂਚਨਾ ਉਪਰ ਵਿਚਾਰ ਕਰ ਕੇ, ਕੀਰਤਪੁਰ ਵਿਖੇ ਸਿੰਘਾਂ ਨੂੰ ਸੁਨੇਹਾ ਭੇਜ ਦਿੱਤਾ, "ਤੁਸੀਂ ਕੀਰਤਪੁਰ ਟਿਕੇ ਰਹੋ, ਜਦ ਤਕ ਸਾਡੇ ਵੱਲੋਂ ਕੋਈ ਹੋਰ ਸੁਨੇਹਾ ਨਹੀਂ ਪੁੱਜਦਾ।" ਬਾਬਾ ਜੀ ਨੇ ਆਪਣੇ ਜਥੇ ਨੂੰ ਨਾਲ ਲਿਆ ਤੇ ਅਰਦਾਸ ਕਰ ਕੇ ਸੋਨੀਪਤ ਉੱਪਰ ਚੜ੍ਹਾਈ ਕਰ ਦਿੱਤੀ। ਪਹਿਲੇ ਹੱਲੇ ਵਿਚ ਹੀ ਸਿੰਘਾਂ ਨੇ ਸੋਨੀਪਤ ਉਤੇ ਕਬਜ਼ਾ ਕਰ ਲਿਆ। ਸੋਨੀਪਤ ਦਾ ਫ਼ੌਜਦਾਰ ਜਾਨ ਬਚਾ ਕੇ ਦਿੱਲੀ ਨੂੰ ਭੱਜ ਗਿਆ। ਲੋੜੀਂਦੇ ਹਥਿਆਰ ਤੇ ਹੋਰ ਵਸਤੂਆਂ ਇਕੱਠੀਆਂ ਕਰ ਕੇ ਸਿੰਘਾਂ ਨੇ ਕੈਥਲ ਦਾ ਰੁਖ਼ ਕੀਤਾ। ਰਸਤੇ ਵਿਚ ਕੈਥਲ ਤੋਂ ਦਿੱਲੀ ਨੂੰ ਖ਼ਜ਼ਾਨਾ ਲਿਜਾਣ ਵਾਲੇ ਮਿਲ ਗਏ। ਸਿੰਘਾਂ ਨੇ ਉਹ ਖ਼ਜ਼ਾਨਾ ਲੁੱਟ ਲਿਆ। ਖ਼ਜ਼ਾਨਾ ਛੱਡ ਕੇ ਭੱਜਣ ਵਾਲਿਆਂ ਨੇ ਕੈਥਲ ਜਾ ਕੇ ਖ਼ਬਰ ਦੇ ਦਿੱਤੀ ਕਿ ਸਿੰਘ ਆ ਰਹੇ ਹਨ। ਕੈਥਲ ਦਾ ਹਾਕਮ ਚਾਰ ਸੌ ਘੋੜ-ਸਵਾਰ ਲੈ ਕੇ ਸਿੰਘਾਂ ਵੱਲ ਵਧਿਆ। ਪੈਦਲ ਸਿੰਘਾਂ ਨੇ ਜੰਗਲ ਦਾ ਆਸਰਾ ਲੈ ਲਿਆ। ਜੰਗਲ ਸੰਘਣਾ ਹੋਣ ਕਾਰਨ ਘੋੜ-ਸਵਾਰਾਂ ਨੂੰ ਘੋੜਿਆਂ ਤੋਂ ਉਤਰਨਾ ਪੈ ਗਿਆ। ਸਿੰਘਾਂ ਨੇ ਉਤਰੇ ਹੋਏ ਸਿਪਾਹੀਆਂ ਤੇ ਹਾਕਮ ਨੂੰ ਕਾਬੂ ਕਰ ਲਿਆ। ਉਨ੍ਹਾਂ ਦੇ ਘੋੜੇ ਤੇ ਹਥਿਆਰ ਖੋਹ ਕੇ ਸਾਰਿਆਂ ਨੂੰ ਛਡ ਦਿੱਤਾ ਤੇ ਹਾਕਮ ਨੂੰ ਖ਼ਾਲਸੇ ਵੱਲੋਂ ਕੈਥਲ ਦਾ ਬੰਦੋਬਸਤ ਸੌਂਪ ਦਿੱਤਾ।

ਖ਼ਾਲਸੇ ਨੇ ਕੈਥਲ ਦੀ ਜਿੱਤ ਪਿਛੋਂ ਸਮਾਣੇ ਦਾ ਰੁਖ਼ ਕੀਤਾ ਜਿਥੇ ਵੱਡੇ ਵੱਡੇ ਅਮੀਰ ਵਸਦੇ ਸਨ, ਜਿਵੇਂ ਸੱਯਦ ਜਲਾਲੁੱਦੀਨ, ਗੁਰੂ ਤੇਗ ਬਹਾਦਰ ਜੀ ਦਾ ਕਾਤਲ; ਜੱਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ, ਛੋਟੇ ਸ਼ਾਹਿਬਜ਼ਾਦਿਆਂ ਦੇ ਕਾਤਲ; ਅਲੀ ਹੁਸੈਨ ਜਿਸ ਨੇ ਕਸਮਾਂ ਖਾ ਕੇ ਕੁਰਾਨ ਸ਼ਰੀਫ਼ ਅਨੰਦਪੁਰ ਗੁਰੂ ਗੋਬਿੰਦ ਸਿੰਘ ਜੀ ਪਾਸ ਭੇਜਿਆ ਸੀ ਤੇ ਵਿਸ਼ਵਾਸ ਦਿਵਾਇਆ ਸੀ ਕਿ ਅਨੰਦਪੁਰ ਛੱਡਣ ਸਮੇਂ ਉਨ੍ਹਾਂ ਦਾ ਪਿੱਛਾ ਨਹੀਂ ਕੀਤਾ ਜਾਵੇਗਾ। 11 ਨਵੰਬਰ 1709 ਈਸਵੀ ਨੂੰ ਸਵੇਰੇ ਸਵੇਰੇ ਖ਼ਾਲਸਾ ਸਾਰਿਆਂ ਪਾਸਿਆਂ ਤੋਂ ਸ਼ਹਿਰ ਉੱਪਰ ਟੁੱਟ ਪਿਆ। ਦੋਹਾਂ ਪਾਸਿਆਂ ਤੋਂ ਤਲਵਾਰ ਚੱਲਣ ਲੱਗੀ। ਕੁਝ ਘੰਟਿਆਂ ਦੀ ਖ਼ੂਨੀ ਜੰਗ ਪਿਛੋਂ ਖ਼ਾਲਸਾ ਇਕ ਜੇਤੂ ਦੀ ਸ਼ਕਲ ਵਿਚ ਸ਼ਹਿਰ ਵਿਚ ਦਾਖ਼ਲ ਹੋ ਗਿਆ। ਉਸ ਪਿਛੋਂ ਖ਼ਾਲਸੇ ਨੇ ਪੀਰ ਬੁੱਧੂ ਸ਼ਾਹ ਦੇ ਕਾਤਲ ਉਸਮਾਨ ਖ਼ਾਨ ਨੂੰ ਦੰਡ ਦੇਣ ਲਈ ਸਢੌਰੇ ਨੂੰ ਜਾ ਦਬਾਇਆ। ਉਸਮਾਨ ਖ਼ਾਨ ਦੀ ਸੜੀ ਹੋਈ ਲਾਸ਼ ਪੀਰ ਬੁੱਧੂ ਸ਼ਾਹ ਦੀ ਹਵੇਲੀ ਵਿਚੋਂ ਮਿਲੀ।

# *Punishing of Tyrants*

When Wazir Khan, the governor of Sirhind heard about the Singhs assembling under the banner of Baba Banda Singh Bahadur, he called Aali Singh to him. Aali Singh, a resident of village Salaudi, was in the service of the Governor. The Governor said to him, in a lighter vein, "I have heard that another guru of yours has come. Go and bring him here. We shall arrange for him to meet your earlier guru's sons soon." Aali Singh did not like this pinching joke of the Governor. He replied, "If he is the perfect guru, he will come of his own accord. You need not call him. As for my going, please settle my account, I shall go to him."

At this reply of Aali Singh, the Governor sent him and his Singh companions to prison. The Singhs somehow escaped from the prison at night and joined Baba Banda Singh Bahadur. With the arrival of Aali Singh and his companions, the number of Singhs with the Baba rose to five hundred. Aali Singh told the Baba, "Due to blockade by the government, the Singhs from the North of river Sutlej, were assembling at Kiratpur. There is no use waiting for them as this will only be a waste of time. We should offer prayers to the Guru for success and start our work."

After thinking over the information given by Aali Singh, the Baba sent a message to singhs at Kiratpur, "Stay at Kiratpur till another message is received from us." The Baba offered prayers with his squad and marched on Sonipat. The Singhs captured Sonipat in their first attack. The garrison commander of Sonipat ran for his life to Delhi. After taking up the weapons and other necessities, the Singhs marched towards Kaithal. On their way, the Singhs encountered government functionaries taking treasure from Kaithal to Delhi. The Singhs looted that treasure. Those who had abandoned the treasure, ran to Kaithal and conveyed the news, "Singhs are coming." The ruler of Kaithal took four hundred horsemen with him and advanced towards the Singhs. The Singhs who were on foot, took shelter in the forest. As the growth was thick, the horsemen had to dismount. The Singhs overpowered the dismounted soldiers and the ruler. After dispossessing them of their weapons and horses, the Singhs released all of them. The ruler was entrusted with the governance of Kaithal on behalf of the Khalsa.

After the conquest of Kaithal, the Khalsa headed for Somana where rich men like Sayyad Jallal-ud-din, the murderer of Guru Tegh Bahadur; hangmen, Shashal Beg and Bashal Beg who killed the younger sons of Guru Gobind Singh; Ali Hussain who had sworn by the Quran and sent it to Guru Gobind Singh at Anandpur and assured him that he would not be pursued if he left Anandpur, lived. On 11th November, 1709 AD, the Khalsa pounced on the city from all sides. After bloody battle lasting a few hours, the Khalsa entered the city as a conqueror. After that to punish Usman Khan, the murderer of Pir Budhu Shah, the Khalsa pounced on Sidhaura. The burnt body of Usman Khan was found inside the house of Pir Budhu Shah.

# ਵਜ਼ੀਰ ਖ਼ਾਨ ਦਾ ਅੰਤ

ਕੀਰਤਪੁਰ ਇਕੱਠੇ ਹੋਏ ਸਿੰਘ ਬਾਬਾ ਬੰਦਾ ਸਿੰਘ ਦੀਆਂ ਹਰ ਰੋਜ਼ ਦੀਆਂ ਜਿੱਤਾਂ ਸੁਣ ਕੇ ਬਹੁਤੀ ਦੇਰ ਕੀਰਤਪੁਰ ਅਟਕ ਨਾ ਸਕੇ। ਉਹ ਖ਼ਾਲਸੇ ਦੀਆਂ ਜਿੱਤਾਂ ਵਿਚ ਆਪਣਾ ਹਿੱਸਾ ਪਾਉਣ ਲਈ ਕੀਰਤਪੁਰ ਤੋਂ ਸਰਹੰਦ ਨੂੰ ਚਲ ਪਏ। ਸਰਹੰਦ ਦੇ ਸੂਬੇਦਾਰ ਨੇ ਪਹਿਲਾਂ ਹੀ ਰੋਪੜ ਦੇ ਹਾਕਮ ਨੂੰ ਸਿੰਘਾਂ ਨੂੰ ਸਰਹੰਦ ਵੱਲ ਆਉਣ ਤੋਂ ਰੋਕਣ ਦਾ ਹੁਕਮ ਕੀਤਾ ਹੋਇਆ ਸੀ। ਸਢੌਰੇ ਵਿਚ ਸਿੰਘਾਂ ਦੀ ਜਿੱਤ ਤੋਂ ਉਸ ਨੂੰ ਯਕੀਨ ਹੋ ਗਿਆ ਸੀ ਕਿ ਜੇ ਕੀਰਤਪੁਰ ਵਾਲੇ ਸਿੰਘ ਬਾਬਾ ਬੰਦਾ ਸਿੰਘ ਨੂੰ ਜਾ ਮਿਲੇ ਤਾਂ ਸਰਹੰਦ ਦੀ ਫ਼ੌਜ ਉਨ੍ਹਾਂ ਅੱਗੇ ਟਿਕ ਨਹੀਂ ਸਕੇਗੀ। ਇਸ ਲਈ ਉਸ ਨੇ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖ਼ਾਨ ਨੂੰ ਕੀਰਤਪੁਰ ਵਾਲੇ ਸਿੰਘਾਂ ਨਾਲ ਨਜਿੱਠਣ ਦਾ ਹੁਕਮ ਕਰ ਦਿੱਤਾ। ਉਹ ਆਪਣੇ ਭਰਾ ਖ਼ਿਜ਼ਰ ਖ਼ਾਨ ਤੇ ਦੋ ਭਤੀਜਿਆਂ ਨੂੰ ਨਾਲ ਲੈ ਕੇ ਸਿੰਘਾਂ ਦਾ ਰਾਹ ਰੋਕਣ ਲਈ ਰੋਪੜ ਦੇ ਹਾਕਮ ਦੀ ਮਦਦ ਲਈ ਪੁੱਜ ਗਿਆ। ਉਨ੍ਹਾਂ ਦੋਹਾਂ ਦੀਆਂ ਫ਼ੌਜਾਂ ਨੇ ਸਿੰਘਾਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਹੱਲਾ ਬੋਲ ਦਿੱਤਾ। ਦੋਹਾਂ ਪਾਸਿਆਂ ਤੋਂ ਕੱਟਾ ਵੱਢੀ ਹੁੰਦੀ ਰਹੀ। ਰਾਤ ਹੋਣ ਤਕ ਕੋਈ ਫ਼ੈਸਲਾ ਨਾ ਹੋਇਆ। ਹਨੇਰਾ ਹੋਣ ਕਾਰਨ ਲੜਾਈ ਬੰਦ ਹੋ ਗਈ। ਰਾਤ ਨੂੰ ਪਿਛੋਂ ਹੋਰ ਸਿੰਘ ਲੜਾਈ ਵਾਲੀ ਥਾਂ ਪੁੱਜ ਗਏ।

ਦੂਜੇ ਦਿਨ ਸੂਰਜ ਚੜ੍ਹਦੇ ਸਾਰ ਖ਼ਿਜ਼ਰ ਖ਼ਾਨ ਨੇ ਹੱਲਾ ਬੋਲ ਦਿੱਤਾ। ਉਸਨੂੰ ਆਪਣੀ ਜਿੱਤ ਦਾ ਯਕੀਨ ਸੀ। ਉਸ ਨੇ ਸਿੰਘਾਂ ਦੇ ਨੇੜੇ ਪੁੱਜ ਕੇ ਕਿਹਾ, "ਤੁਸੀਂ ਈਨ ਮੰਨ ਲਵੋ ਤੇ ਹਥਿਆਰ ਸੁੱਟ ਕੇ ਆਪਣੀਆਂ ਜਾਨਾਂ ਬਚਾਅ ਕੇ ਵਾਪਸ ਚਲੇ ਜਾਉ।" ਇਸ ਲਲਕਾਰ ਦਾ ਜਵਾਬ ਸਿੰਘਾਂ ਨੇ ਤੀਰਾਂ ਤੇ ਗੋਲੀਆਂ ਨਾਲ ਦਿੱਤਾ। ਅਚਾਨਕ ਇਕ ਗੋਲੀ ਉਸ ਦੀ ਛਾਤੀ ਵਿਚ ਆ ਲੱਗੀ। ਉਹ ਸੂਰਬੀਰ ਪਠਾਣ ਜ਼ਮੀਨ ਉੱਪਰ ਡਿੱਗ ਪਿਆ। ਉਸਦੀ ਲਾਸ਼ ਲੈ ਜਾਣ ਲਈ ਉਸ ਦੇ ਦੋਵੇਂ ਪੁੱਤਰ ਅੱਗੇ ਵਧੇ। ਸਿੰਘਾਂ ਨੇ ਉਨ੍ਹਾਂ ਨੂੰ ਵੀ ਪਿਤਾ ਨਾਲ ਲਿਟਾ ਦਿੱਤਾ। ਇਸ ਹੱਥੋਪਾਈ ਵਿਚ ਸ਼ੇਰ ਮੁਹੰਮਦ ਵੀ ਫੱਟੜ ਹੋ ਗਿਆ। ਉਸ ਨੇ ਭੱਜ ਕੇ ਜਾਨ ਬਚਾਈ। ਉਸਦੇ ਮਗਰ ਉਸਦੀ ਫ਼ੌਜ ਵੀ ਮੈਦਾਨ ਛੱਡ ਕੇ ਭੱਜ ਗਈ। ਫ਼ੌਜ ਵੱਲੋਂ ਛੱਡੇ ਲੋੜੀਂਦੇ ਹਥਿਆਰ ਸਿੰਘਾਂ ਨੇ ਇਕੱਠੇ ਕੀਤੇ ਤੇ ਬਾਬਾ ਜੀ ਦੇ ਜਥੇ ਨਾਲ ਖਰੜ ਦੇ ਨੇੜੇ ਜਾ ਮਿਲੇ।

ਬਾਬਾ ਜੀ ਕੀਰਤਪੁਰ ਵਾਲੇ ਸਿੰਘਾਂ ਨੂੰ ਨਾਲ ਮਿਲਾ ਕੇ ਸਰਹੰਦ ਵੱਲ ਚਲ ਪਏ। ਉਨ੍ਹਾਂ ਦੇ ਪਿਛੇ ਪਿਛੇ ਬਹੁਤ ਸਾਰੇ ਲੁਟੇਰੇ ਵੀ ਤੁਰ ਪਏ। ਵਜ਼ੀਰ ਖ਼ਾਨ ਨੇ ਦੇਖ ਲਿਆ ਕਿ ਸਿੰਘਾਂ ਨਾਲ ਸਿੱਧੀ ਟੱਕਰ ਲੈ ਕੇ ਸਰਹੰਦ ਨੂੰ ਬਚਾਉਣਾ ਉਸ ਦੇ ਵੱਸ ਤੋਂ ਬਾਹਰ ਸੀ। ਉਸ ਨੇ ਸੁੱਚਾ ਨੰਦ ਦੇ ਭਤੀਜੇ ਗੰਡਾ ਮਲ ਨੂੰ ਪੰਜ ਸੌ ਸਿਪਾਹੀ ਦੇ ਕੇ ਬਾਬਾ ਜੀ ਵੱਲ ਭੇਜ ਦਿੱਤਾ ਤੇ ਕਿਹਾ, "ਜਾ ਕੇ ਬੰਦਾ ਸਿੰਘ ਨੂੰ ਮਾਰਨ ਦੀ ਕੋਸ਼ਿਸ਼ ਕਰਨਾ ਤੇ ਉਸ ਤੋਂ ਪਿਛੋਂ ਛਿੜੀ ਲੜਾਈ ਵਿਚ ਮੈਦਾਨ ਵਿਚੋਂ ਭੱਜ ਆਉਣਾ।" ਬਾਬਾ ਜੀ ਗੰਡਾ ਮਲ ਨੂੰ ਦੇਖ ਕੇ ਵਜ਼ੀਰ ਖ਼ਾਨ ਦੀ ਚਾਲ ਨੂੰ ਸਮਝ ਗਏ। ਉਨ੍ਹਾਂ ਨੇ ਭਾਈ ਫ਼ਤਹਿ ਸਿੰਘ ਨੂੰ ਉਸਦਾ ਧਿਆਨ ਰੱਖਣ ਲਈ ਕਹਿ ਦਿੱਤਾ।

ਵਜ਼ੀਰ ਖ਼ਾਨ ਆਪਣੀ ਤੇ ਆਪਣੇ ਸਾਥੀਆਂ ਦੀ ਫ਼ੌਜ ਇਕੱਠੀ ਕਰ ਕੇ ਚਾਪੜਚਿੜੀ ਦੇ ਮੈਦਾਨ ਵਿਚ ਤੋਪਾਂ ਬੀੜ ਕੇ ਤੇ ਹਾਥੀਆਂ ਦੀ ਦੀਵਾਰ ਬਣਾ ਕੇ ਬੈਠ ਗਿਆ। 12 ਮਈ 1710 ਈਸਵੀ ਨੂੰ ਦੋਹਾਂ ਪਾਸਿਆਂ ਦੇ ਦਲਾਂ ਦਾ ਭੇੜ ਹੋ ਗਿਆ। ਦੋਵਾਂ ਪਾਸਿਆਂ ਤੋਂ ਜ਼ੋਰਦਾਰ ਹਮਲੇ ਸ਼ੁਰੂ ਹੋ ਗਏ। ਤੋਪਾਂ ਦੇ ਚੱਲਣ ਦੀਆਂ ਆਵਾਜ਼ਾਂ ਸੁਣ ਕੇ ਲੁਟੇਰੇ ਭੱਜ ਗਏ। ਗੰਡਾ ਮਲ ਆਪਣੀ ਵਿਉਂਤ ਅਨੁਸਾਰ ਭੱਜਣ ਲੱਗਿਆ ਸਿੰਘਾਂ ਨੇ ਜਹੰਨਮ ਭੇਜ ਦਿੱਤਾ। ਮੁਗ਼ਲਾਂ ਦਾ ਪਲੜਾ ਭਾਰੀ ਹੋਇਆ ਦੇਖ ਕੇ ਬਾਬਾ ਜੀ ਪਹਾੜੀ ਤੋਂ ਉਤਰ ਆਏ। ਉਨ੍ਹਾਂ ਦੇ ਮੈਦਾਨ ਵਿਚ ਆਉਣ ਨਾਲ ਸਿੰਘਾਂ ਦੇ ਹੌਸਲੇ ਦੁਗਣੇ ਹੋ ਗਏ। ਉਨ੍ਹਾਂ ਨੇ ਸ਼ੇਰ ਮੁਹੰਮਦ ਖ਼ਾਨ ਤੇ ਖ਼ਵਾਜਾ ਅਲੀ ਮਲੇਰਕੋਟਲੇ ਵਾਲਿਆਂ ਨੂੰ ਪਾਰ ਬੁਲਾ ਦਿੱਤਾ। ਦੂਜੇ ਪਾਸੇ ਵਜ਼ੀਰ ਖ਼ਾਨ ਆਪਣੇ ਮੋਰਚੇ ਉੱਪਰ ਡਟਿਆ ਹੋਇਆ ਸੀ। ਭਾਈ ਬਾਜ ਸਿੰਘ ਨੂੰ ਦੇਖ ਕੇ ਉਸ ਨੇ ਟਾਕਰੇ ਲਈ ਲਲਕਾਰਿਆ। ਕੋਲ ਖੜੇ ਭਾਈ ਫ਼ਤਹਿ ਸਿੰਘ ਨੇ ਬੜੀ ਫੁਰਤੀ ਨਾਲ ਉਸ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਆਗੂਆਂ ਦੇ ਮਰਨ ਪਿਛੋਂ ਸ਼ਾਹੀ ਫ਼ੌਜ ਮੈਦਾਨ ਛੱਡ ਕੇ ਭੱਜ ਗਈ। ਸਿੰਘ ਸਰਹੰਦ ਵੱਲ ਚਲ ਪਏ।


ਵਜ਼ੀਰ ਖ਼ਾਨ ਦਾ ਅੰਤ
End of
Wazir Khan
M. S. Azad


# *End of Wazir Khan*

Singhs assembled at Kiratpur could not stay any longer at Kiratpur after hearing about the victories of Baba Banda Singh Bahadur everyday. In order to contribute their share in the victories of the Khalsa, they marched towards Sirhind. The governor of Sirhind had already ordered the ruler of Ropar to prevent the Singhs from moving towards Sirhind. From the victory of the Singhs at Sidhaura, it had become clear to him, "If the Singhs from Kiratpur join Baba Banda Singh Bahadur, the army of Sirhind will not be able to face them." With this in view, he ordered Nawab Sher Mohammad Khan of Malerkotla to deal with the Singhs of Kiratpur. He took his brother Khizar Khan and two nephews with him and reached Ropar to help the ruler of Ropar to stop the Singhs in the way. Their joint forces mounted an attack to stop the Singhs' advance. There was a fierce fighting from both sides. There was no decision till the fall of night. Fighting stopped as darkness fell. More Singhs reached the place of battle at night.

The next day, Khizar Khan mounted an attack just as the Sun rose. He was sure of his victory. Coming close to Singhs, he said, "Concede defeat, lay down arms, go back and save your lives." The Singhs answered this challenge with arrows and bullets. All of a sudden, he was hit by a bullet in his chest. That brave Pathan fell to the ground. Both his sons moved forward to retrieve his body. The Singhs laid them also besides their father. Sher Mohammad Khan was also wounded in this melee. He saved his life by running. His army also fled after him. The Singhs gathered the required weapons left by the army and joined the squad of the Baba near Kharar.

Taking the Singhs of Kiratpur with him, the Baba marched towards Sirhind. A large number of robbers followed them. Wazir Khan realised that it was beyond his power to save Sirhind by direct confrontation with the Singhs. He sent Ganda Mall, a nephew of Sucha Nand, with five hundred soldiers towards the Baba and said, "Go and try to kill Banda Singh and in the ensuing battle, run away from the battlefield." The Baba realised the designs of Wazir Khan when he saw Ganda Mall. He told Bhai Fateh Singh to keep an eye on him.

Wazir Khan with his own forces and those of his companions camped in the battlefield at Chaparchiri with his guns trained and a wall of elephants in front of his lines. The two armies clashed on 12th May, 1710 AD. Fierce attacks started from both sides. The robbers fled on hearing the booming of guns. When Ganda Mall fled in accordance with his plan, he was despatched to hell by the Singhs. On hearing the Mughals having upper hand, the Baba descended from the hillock. His entry into the battlefield doubled the courage of the Singhs. They made shortwork of Sher Mohammad Khan and Khwaja Ali of Malerkotla. On the other side Wazir Khan was resolutely holding on to his position. Seeing Bhai Baaz Singh, he challenged him for a fight. Bhai Fateh Singh who stood near by, severed his head in a lightning blow. The royal army fled after the death of their leaders. The Singhs marched towards Sirhind.


ਖ਼ਾਲਸਾ ਰਾਜ ਦੀ ਸਥਾਪਨਾ
Establishment of
Sikh Commonwealth

# ਖ਼ਾਲਸਾ ਰਾਜ ਦੀ ਸਥਾਪਨਾ

14 ਮਈ 1710 ਈਸਵੀ ਨੂੰ ਸਿੰਘ ਸਰਹੰਦ ਵਿਚ ਇਕ ਜੇਤੂ ਦੀ ਸ਼ਕਲ ਵਿਚ ਦਾਖ਼ਲ ਹੋਏ। ਜਿਹੜੇ ਲੁਟੇਰੇ ਲੜਾਈ ਦੇ ਮੈਦਾਨ ਵਿਚ ਤੋਪਾਂ ਚੱਲਣ ਦੀਆਂ ਆਵਾਜ਼ਾਂ ਸੁਣ ਕੇ ਭੱਜ ਗਏ ਸਨ ਉਹ ਫਿਰ ਸਿੰਘਾਂ ਦੇ ਪਿਛੇ ਸ਼ਹਿਰ ਵਿਚ ਆ ਵੜੇ। ਉਨ੍ਹਾਂ ਨੇ ਆਪਣੀ ਲੁੱਟ ਮਾਰ ਸ਼ੁਰੂ ਕਰ ਦਿੱਤੀ। ਜ਼ਿਦਾਂ ਕੱਢਣ ਵਾਲਿਆਂ ਨੇ ਹਵੇਲੀਆਂ ਨੂੰ ਅੱਗਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸਿੱਖਾਂ ਨੂੰ ਸਰਹੰਦ ਦੇ ਵਜ਼ੀਰ ਸੁਚਾ ਨੰਦ ਉੱਪਰ ਬਹੁਤ ਗ਼ੁੱਸਾ ਸੀ ਜਿਸ ਨੇ ਵਜ਼ੀਰ ਖ਼ਾਨ ਨੂੰ ਛੋਟੇ ਸਾਹਿਬਜ਼ਾਦਿਆਂ ਬਾਰੇ ਕਿਹਾ ਸੀ, "ਹਜ਼ੂਰ, ਸੱਪ ਦੇ ਬੱਚਿਆਂ ਨੂੰ ਛੋਟੇ ਹੁੰਦਿਆਂ ਨੂੰ ਮਾਰ ਦੇਣਾ ਠੀਕ ਹੈ, ਨਹੀਂ ਤਾਂ ਵੱਡੇ ਹੋ ਕੇ ਦੁੱਖ ਦੇਣਗੇ।" ਸੁਚਾ ਨੰਦ ਬੜਾ ਚੁਸਤ ਸੀ। ਉਹ ਸਿੰਘਾਂ ਦੇ ਸਰਹੰਦ ਪੁੱਜਣ ਤੋਂ ਪਹਿਲਾਂ ਦਿੱਲੀ ਵੱਲ ਨੱਠ ਗਿਆ। ਸਿੰਘਾਂ ਨੇ ਆਪਣਾ ਗ਼ੁੱਸਾ ਕੱਢਣ ਲਈ ਉਸ ਦੀ ਹਵੇਲੀ ਨੂੰ ਅੱਗ ਲਾ ਦਿੱਤੀ। ਤੀਜੇ ਦਿਨ ਬਾਬਾ ਜੀ ਨੇ ਲੁੱਟ ਮਾਰ ਬੰਦ ਕਰਵਾ ਦਿੱਤੀ।

ਸਰਹੰਦ ਦੀ ਜਿੱਤ ਨਾਲ ਖ਼ਾਲਸੇ ਦਾ ਦਬਦਬਾ ਸਾਰੇ ਪੰਜਾਬ ਵਿਚ ਬੈਠ ਗਿਆ। ਦਰਿਆ ਸਤਲੁਜ ਤੋਂ ਲੈ ਕੇ ਜਮਨਾ ਤਕ ਦਾ ਸਾਰਾ ਇਲਾਕਾ ਖ਼ਾਲਸੇ ਨੇ ਅਧੀਨ ਕਰ ਲਿਆ। ਛੋਟੇ ਛੋਟੇ ਚੌਧਰੀਆਂ, ਫ਼ੌਜਦਾਰਾਂ ਤੇ ਜ਼ਿਮੀਂਦਾਰਾਂ ਨੇ ਖ਼ਾਲਸੇ ਦੀ ਈਨ ਮੰਨਣ ਵਿਚ ਆਪਣੀ ਭਲਾਈ ਸਮਝੀ। ਕਈਆਂ ਨੇ ਸਿਖ ਧਰਮ ਧਾਰਨ ਕਰ ਲਿਆ। ਇਸ ਤਰ੍ਹਾਂ ਥੋੜ੍ਹੇ ਦਿਨਾਂ ਵਿਚ ਛੱਤੀ ਲੱਖ ਰੁਪਏ ਸਾਲਾਨਾ ਆਮਦਨ ਵਾਲਾ ਇਲਾਕਾ ਖ਼ਾਲਸੇ ਦੇ ਕਬਜ਼ੇ ਵਿਚ ਹੋ ਗਿਆ। ਬਾਬਾ ਜੀ ਨੇ ਖੇਤੀ ਕਰਨ ਵਾਲਿਆਂ ਨੂੰ ਜ਼ਮੀਨ ਦੇ ਮਾਲਕ ਬਣਾ ਦਿੱਤਾ ਤੇ ਜ਼ਿਮੀਂਦਾਰਾਂ ਖ਼ਤਮ ਕਰ ਦਿੱਤਾ। ਬਾਬਾ ਜੀ ਨੇ ਭਾਈ ਬਾਜ਼ ਸਿੰਘ ਨੂੰ ਸਰਹੰਦ ਦਾ ਸੂਬੇਦਾਰ ਤੇ ਭਾਈ ਆਲੀ ਸਿੰਘ ਨੂੰ ਉਸ ਦਾ ਨਾਇਬ ਥਾਪ ਦਿੱਤਾ। ਭਾਈ ਬਾਜ਼ ਸਿੰਘ ਦੇ ਭਰਾ ਭਾਈ ਰਾਮ ਸਿੰਘ ਨੂੰ ਥਾਨੇਸਰ ਦਾ ਹਾਕਮ ਤੇ ਬਾਬਾ ਬਿਨੋਦ ਸਿੰਘ ਨੂੰ ਉਸਦਾ ਸਾਥੀ ਬਣਾ ਦਿੱਤਾ।

ਬਾਬਾ ਜੀ ਨੇ ਧਰਮ-ਰੱਖਿਅਕ ਹੋਣ ਦਾ ਐਲਾਨ ਕਰਵਾ ਦਿੱਤਾ। ਜਿਸ ਨੂੰ ਵੀ ਕੋਈ ਤਕਲੀਫ਼ ਹੁੰਦੀ ਜਾਂ ਕਿਸੇ ਦੇ ਖ਼ਿਲਾਫ਼ ਕੋਈ ਸ਼ਿਕਾਇਤ ਹੁੰਦੀ, ਉਹ ਖ਼ਾਲਸੇ ਪਾਸ ਆ ਬੇਨਤੀ ਕਰਦਾ। ਬਾਬਾ ਜੀ ਉਨ੍ਹਾਂ ਦੀਆਂ ਤਕਲੀਫ਼ਾਂ ਦੂਰ ਕਰਦੇ ਤੇ ਸ਼ਿਕਾਇਤਾਂ ਦਾ ਇਨਸਾਫ਼ ਕਰਦੇ। ਭਾਈ ਬੁਲਾਕਾ ਸਿੰਘ ਰਾਗੀ ਦੇ ਸ਼ਿਕਾਇਤ ਕਰਨ ਉੱਪਰ ਬਾਬਾ ਜੀ ਨੇ ਘੁੜਾਣੀ ਦੇ ਰਾਮਰਾਈਆਂ ਨੂੰ ਦੰਡ ਦਿੱਤਾ ਤੇ ਉਥੇ ਆਪਣਾ ਥਾਣਾ ਬਿਠਾ ਦਿੱਤਾ। ਮਲੇਰਕੋਟਲੇ ਪੁੱਜ ਕੇ ਉਨ੍ਹਾਂ ਨੇ ਬੀਬੀ ਅਨੂਪ ਕੌਰ ਦੀ ਲਾਸ਼ ਕਬਰ ਵਿਚੋਂ ਕਢਵਾ ਕੇ ਉਸ ਦਾ ਸਸਕਾਰ ਕੀਤਾ, ਜਿਸ ਨੂੰ ਸ਼ੇਰ ਮੁਹੰਮਦ ਖ਼ਾਨ ਅਨੰਦਪੁਰ ਤੋਂ 1704 ਈਸਵੀ ਵਿਚ ਧੱਕੇ ਨਾਲ ਲੈ ਆਇਆ ਸੀ। ਉਸ ਬੀਬੀ ਨੇ ਧਰਮ ਤੇ ਸਤ ਦੀ ਖ਼ਾਤਰ ਆਤਮ ਹੱਤਿਆ ਕਰ ਲਈ ਸੀ। ਬਾਬਾ ਜੀ ਰਾਇਕੋਟ ਪੁੱਜੇ ਤਾਂ ਅਗੋਂ ਹਾਕਮ ਨਜ਼ਰਾਨਾ ਲੈ ਕੇ ਮਿਲਿਆ।

ਬਾਬਾ ਜੀ ਨੇ ਰਾਇਕੋਟ ਤੋਂ ਆ ਕੇ ਮੁਖਲਸ ਗੜ੍ਹ ਦੇ ਕਿਲ੍ਹੇ ਦੀ ਮੁਰੰਮਤ ਕਰਵਾ ਕੇ ਉਸਦਾ ਨਾਂ ਲੋਹਗੜ੍ਹ ਰੱਖ ਦਿੱਤਾ ਤੇ ਆਪਣੀ ਰਾਜਧਾਨੀ ਬਣਾ ਲਿਆ। ਇਸ ਵਿਚ ਜੰਗੀ ਸਾਮਾਨ ਤੇ ਸ਼ਾਹੀ ਖ਼ਜ਼ਾਨਾ ਲਿਆ ਰੱਖਿਆ। ਖ਼ਾਲਸੇ ਨੇ ਬਾਬਾ ਬੰਦਾ ਸਿੰਘ ਨੂੰ ਜਥੇਦਾਰ ਤੋਂ ਬਾਦਸ਼ਾਹ ਬਣਾ ਦਿੱਤਾ ਪਰ ਉਹ ਸਦਾ ਗੁਰੂ ਦਾ ਬੰਦਾ ਅਖਵਾਉਂਦੇ ਰਹੇ। ਉਨ੍ਹਾਂ ਨੇ ਖ਼ਾਲਸਾ ਰਾਜ ਦਾ ਸਿੱਕਾ ਚਾਲੂ ਕੀਤਾ। ਉਸ ਦੇ ਇਕ ਪਾਸੇ ਫ਼ਾਰਸੀ ਵਿਚ, ਜਿਸ ਦਾ ਪੰਜਾਬੀ ਅਨੁਵਾਦ ਇਹ ਹੈ: "ਦੋ ਜਹਾਨਾਂ ਤੇ ਸਿੱਕਾ ਚਲਾਇਆ, ਗੁਰੂ ਨਾਨਕ ਦੀ ਸੱਚੀ ਤੇਗ ਦੀ ਬਖਸ਼ਿਸ਼ ਹੋਈ, ਸ਼ਾਹਾਂ ਦੇ ਸ਼ਾਹ ਗੁਰੂ ਗੋਬਿੰਦ ਸਿੰਘ ਜੀ ਫ਼ਤਹ ਹੋਈ, ਸੱਚੇ ਰੱਬ ਨੇ ਮਿਹਰਾਂ ਕੀਤੀਆਂ।" ਅਤੇ ਦੂਜੇ ਪਾਸੇ, "ਸੰਸਾਰ ਦੇ ਸ਼ਾਂਤੀ ਅਸਥਾਨ ਸ਼ਹਿਰਾਂ ਦੀ ਮੂਰਤ ਧੰਨਭਾਗੀ ਰਾਜਧਾਨੀ ਤੋਂ ਜਾਰੀ ਹੋਇਆ" ਲਿਖਿਆ ਸੀ। ਖਾਲਸੇ ਦੀ ਮੋਹਰ—"ਹਰ ਪਾਸੇ ਗੁਰੂ ਨਾਨਕ ਦੀ ਹੀ ਵਡਿਆਈ ਹੈ, ਉਹ ਸੱਚਾ ਦੀਨ ਦੁਨੀ ਦਾ ਪਾਤਸ਼ਾਹ ਹੈ।" ਇਸ ਮੋਹਰ ਨੂੰ ਪਿਛੋਂ ਇਸ ਤਰ੍ਹਾਂ ਕਰ ਦਿੱਤਾ, "ਦੇਗ ਤੇਗ ਫਤਹਿ ਤੇ ਸੇਵਾ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਦਰੋਂ ਪ੍ਰਾਪਤ ਹੋਈ।"

# *Establishment of Sikh Commonwealth*

The Singhs entered Sirhind as conquerers on 14th May, 1710 AD. The robbers who had fled the battlefield at the sound of the guns again entered the city behind the Singhs. They started their loot and plunder. Those who had scores to settle started setting mansions on fire. The Singhs were very angry with Sucha Nand, a minister of Sirhind, who had said to Wazir Khan about the younger princes of Guru Gobind Singh, "Sir, it is better to kill the young ones of a snake at an early age otherwise they will cause trouble when they grow up." Sucha Nand was very clever. He fled towards Delhi before the Singhs entered Sirhind. To relieve their anger, they set his mansions on fire. The Baba put a stop to looting and killing on the third day.

With the victory of Sirhind, the dignity of the Khalsa was established throughout Punjab. The Khalsa subjugated the entire area between the rivers Sutlej and Yamuna. Small chieftains, garrison commanders and landlords thought it in their interest to accept the supremacy of the Khalsa. Many embraced Sikhism. In this way, an area with an annual revenue of thirty-six lakhs came under the occupation of the Khalsa. The Baba abolished landlordism and made tillers the owners of the land. The Baba appointed Bhai Baaz Singh, the governor of Sirhind and Bhai Aali Singh his assistant. Bhai Ram Singh, the brother of Bhai Baaz Singh was made the ruler of Thanesar and Baba Binod Singh his companion.

Baba proclaimed himself as defender of faith. Anyone having any trouble or complaint against anybody would come and request the Khalsa. The Baba would resolve their difficulties and decide the complaints. On a complaint by Bhai Blaka Singh musician, the Baba punished the followers of Ram Rai of Ghurani and set up his own police post there. He went to Malerkotla, exhumed the body of Bibi Anup Kaur from grave and cremated it. Sher Mohammad Khan had forcibly taken her away from Anandpur in 1704 AD and she had committed suicide to save her faith and honour. When the Baba reached Raikot, the ruler welcomed him with a present.

On return from Raikot, the Baba got the fort at Mukhlis Garh repaired, renamed it Lohgarh and made it his capital. He brought weapons and royal treasure and placed it there. The Khalsa made Baba Banda Singh from commander a king but he continued to get himself called Banda, the servant of the Guru. He started coins of the government of the Khalsa. Those bore inscriptions in Persian which meant "Established authority on both worlds, true sword of Guru Nanak was benevolent, it was victory of the king of the kings Guru Gobind Singh, the true God showered blessings." On the other side "Issued from the exalted capital—the picture of peaceful cities of the world." The seal of the Khalsa bore "Greatness of Guru Nanak prevails everywhere, he is the true king of spiritual and temporal worlds." This seal was later changed to "Victory of the food, the sword and service was bestowed by the house of Guru Nanak and Guru Gobind Singh."

# ਬਾਦਸ਼ਾਹ ਦੀ ਸਿੰਘਾਂ ਵਿਰੁੱਧ ਚੜ੍ਹਾਈ

11 ਨਵੰਬਰ 1709 ਈਸਵੀ ਨੂੰ ਸਮਾਣਾ ਦੇ ਪਤਨ ਅਤੇ ਅੰਮ੍ਰਿਤਸਰ ਵਿਚ ਪੱਟੀ ਤੇ ਨੁਸ਼ਹਿਰੇ ਦੇ ਚੌਧਰੀਆਂ ਦੀ ਸਿੰਘਾਂ ਪਾਸੋਂ ਹਾਰਨ ਦੀ ਖ਼ਬਰ ਬਾਦਸ਼ਾਹ ਬਹਾਦਰ ਸ਼ਾਹ ਨੂੰ ਰਾਜਸਥਾਨ ਵਿਚ ਪੁੱਜੀ। ਉੱਥੇ ਉਹ ਰਾਜਪੂਤਾਂ ਦੀ ਬਗ਼ਾਵਤ ਦਬਾ ਰਿਹਾ ਸੀ। ਬਾਦਸ਼ਾਹ ਨੇ ਹੁਕਮ ਕਰ ਦਿੱਤਾ ਕਿ ਲੋੜ ਸਮੇਂ ਸਾਰੇ ਫ਼ੌਜਦਾਰ ਇਕ ਦੂਜੇ ਦੀ ਮਦਦ ਕਰਨ। 20 ਮਈ 1710 ਈਸਵੀ ਨੂੰ ਅਜਮੇਰ ਨੇੜੇ ਬਾਦਸ਼ਾਹ ਨੂੰ ਦੱਸਿਆ ਗਿਆ ਕਿ 12 ਮਈ ਦੀ ਲੜਾਈ ਵਿਚ ਸਰਹੰਦ ਦਾ ਸੂਬੇਦਾਰ ਵਜ਼ੀਰ ਖ਼ਾਨ ਮਾਰਿਆ ਗਿਆ ਤੇ ਸਿੰਘਾਂ ਨੇ ਸਰਹੰਦ ਉੱਪਰ ਕਬਜ਼ਾ ਕਰ ਲਿਆ ਹੈ। 24 ਮਈ ਨੂੰ ਬਾਦਸ਼ਾਹ ਨੇ ਹੁਕਮ ਕੀਤਾ, "ਅਫ਼ਜ਼ਲ ਖ਼ਾਨ ਦਿੱਲੀ ਜਾ ਕੇ ਸੱਯਦ ਅਬਦੁੱਲਾ ਖ਼ਾਨ, ਸ਼ਮਸ਼ੇਰ ਖ਼ਾਨ, ਚੇਤ ਸਿੰਘ, ਅਨੂਪ ਸਿੰਘ ਤੇ ਈਸਾ ਖ਼ਾਨ ਨੂੰ ਬਾਬਾ ਬੰਦਾ ਸਿੰਘ ਦੇ ਨਾਲ ਨਿਪਟਣ ਲਈ ਭੇਜੇ।" 11-12 ਜੂਨ ਨੂੰ ਸਮਾਣੇ ਤੇ ਸਢੌਰੇ ਦੇ ਪੀਰਜ਼ਾਦੇ ਬਾਦਸ਼ਾਹ ਦੇ ਪੇਸ਼ ਹੋਏ। ਉਨ੍ਹਾਂ ਦੀ ਫ਼ਰਿਆਦ ਸੁਣ ਕੇ ਬਾਦਸ਼ਾਹ 27 ਜੂਨ ਨੂੰ ਅਜਮੇਰ ਤੋਂ ਪੰਜਾਬ ਨੂੰ ਚਲ ਪਿਆ।

28 ਜੁਲਾਈ ਨੂੰ ਬਾਦਸ਼ਾਹ ਨੇ ਫ਼ੌਜਦਾਰ ਫ਼ੀਰੋਜ਼ਖ਼ਾਨ ਮੇਵਾਤੀ ਤੇ ਹੋਰ ਸਰਦਾਰਾਂ ਦੀ ਕਮਾਨ ਹੇਠ ਬਾਬਾ ਬੰਦਾ ਸਿੰਘ ਦੇ ਵਿਰੁੱਧ ਪਰਾਗਪੁਰੇ ਤੋਂ ਫ਼ੌਜ ਭੇਜੀ। ਬਾਦਸ਼ਾਹ ਦੇ ਮਨ ਉੱਪਰ ਸਿੰਘਾਂ ਦਾ ਬਹੁਤ ਡਰ ਬੈਠ ਗਿਆ। ਉਸ ਨੇ 29 ਅਗਸਤ ਨੂੰ ਐਲਾਨ ਕਰਵਾ ਦਿੱਤਾ, "ਦਫ਼ਤਰ ਵਿਚ ਜਿੰਨੇ ਹਿੰਦੂ ਨੌਕਰ ਹਨ ਉਹ ਸਾਰੇ ਆਪਣੀਆਂ ਦਾੜ੍ਹੀਆਂ ਮੁੰਨਵਾ ਦੇਣ।" ਫ਼ੀਰੋਜ਼ਖ਼ਾਨ ਨੇ 16 ਅਕਤੂਬਰ ਨੂੰ ਸਿੰਘਾਂ ਉੱਪਰ ਕਰਨਾਲ ਦੇ ਨੇੜੇ ਅਮੀਨ ਗੜ੍ਹ ਦੇ ਮੈਦਾਨ ਵਿਚ ਹਮਲਾ ਕਰ ਦਿੱਤਾ। ਸਿੰਘਾਂ ਦੀ ਸਾਰੀ ਫ਼ੌਜ ਬਾਬਾ ਜੀ ਨਾਲ ਸਹਾਰਨਪੁਰ ਵੱਲ ਗਈ ਹੋਈ ਸੀ। ਬਾਬਾ ਬਿਨੋਦ ਸਿੰਘ ਤੇ ਸ਼ਾਮ ਸਿੰਘ ਨਾਲ ਪ੍ਰਬੰਧ ਕਰਨ ਵਾਲੇ ਸਿੰਘ ਹੀ ਸਨ। ਸਿੰਘ ਲੜਦੇ ਲੜਦੇ ਥਾਨੇਸਰ ਵੱਲ ਚਲ ਪਏ। ਫ਼ੀਰੋਜ਼ਖ਼ਾਨ ਨੇ ਮਾਰੇ ਗਏ ਤਿੰਨ ਸੌ ਸਿੰਘਾਂ ਦੇ ਸਿਰ ਨੇਜ਼ਿਆਂ ਉੱਪਰ ਟੰਗ ਕੇ ਬਾਦਸ਼ਾਹ ਦੀ ਨਜ਼ਰ ਕੀਤੇ। ਬਾਦਸ਼ਾਹ ਨੇ ਖ਼ੁਸ਼ ਹੋ ਕੇ ਉਸ ਨੂੰ ਸਰਹੰਦ ਦੀ ਸੂਬੇਦਾਰੀ ਦੇ ਦਿੱਤੀ। ਥਾਨੇਸਰ ਵੀ ਸਿੰਘਾਂ ਨੂੰ ਜਦੋਂ ਕੋਈ ਸਹਾਇਤਾ ਨਾ ਪੁੱਜੀ ਤਾਂ ਉਹ ਸਢੌਰੇ ਹੁੰਦੇ ਹੋਏ ਲੋਹਗੜ੍ਹ ਦੇ ਕਿਲ੍ਹੇ ਅੰਦਰ ਚਲੇ ਗਏ।

ਅਮੀਨਗੜ੍ਹ ਵਿਚ ਸ਼ਾਹੀ ਫ਼ੌਜਾਂ ਦੀ ਜਿੱਤ ਦੀ ਖ਼ਬਰ ਸੁਣ ਕੇ ਸ਼ਮਸ ਖ਼ਾਨ ਵੀ ਹੁਸ਼ਿਆਰ ਹੋ ਗਿਆ। ਉਹ ਮਾਲਵੇ ਵਿਚੋਂ ਫ਼ੌਜ ਲੈ ਕੇ ਸਰਹੰਦ ਨੂੰ ਚਲ ਪਿਆ। ਉਸ ਦੇ ਨਾਲ ਬਾਜ਼ੀਦ ਖ਼ਾਨ ਤੇ ਉਮਰਾ ਖ਼ਾਨ ਵੀ ਮਿਲ ਗਏ। ਸਰਹੰਦ ਵਿਚ ਸਿਰਫ਼ ਪ੍ਰਬੰਧ ਕਰਨ ਵਾਲੇ ਸਿੰਘ ਸਨ। ਉਨ੍ਹਾਂ ਨੇ ਕਿਲ੍ਹੇ ਵਿਚ ਪਨਾਹ ਲੈ ਲਈ। ਸ਼ਮਸ ਖ਼ਾਨ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ। ਸਿੰਘ ਸਰਹੰਦ ਦਾ ਕਿਲ੍ਹਾ ਛਡ ਕੇ ਲੋਹਗੜ੍ਹ ਦੇ ਕਿਲ੍ਹੇ ਵੱਲ ਚਲ ਪਏ। ਰਸਤੇ ਵਿਚ ਉਨ੍ਹਾਂ ਨੂੰ ਬਾਬਾ ਬੰਦਾ ਸਿੰਘ ਮਿਲ ਗਿਆ। ਖ਼ਾਲੀ ਸਰਹੰਦ ਦੇ ਕਿਲ੍ਹੇ ਉੱਪਰ ਸ਼ਮਸ ਖ਼ਾਨ ਨੇ ਕਬਜ਼ਾ ਕਰ ਲਿਆ।

29 ਨਵੰਬਰ ਨੂੰ ਬਾਦਸ਼ਾਹ ਨੇ ਲੋਹਗੜ੍ਹ ਕਿਲ੍ਹੇ ਦੇ ਨੇੜੇ ਪੁੱਜ ਕੇ ਸੋਮ ਨਦੀ ਦੇ ਕੰਢੇ ਆਪਣਾ ਡੇਰਾ ਜਮਾ ਲਿਆ ਜਿਥੋਂ ਕਿਲ੍ਹਾ ਸਾਫ਼ ਨਜ਼ਰ ਆਉਂਦਾ ਸੀ। ਸੱਠ ਹਜ਼ਾਰ ਫ਼ੌਜ ਕਿਲ੍ਹੇ ਨੂੰ ਘੇਰਾ ਪਾ ਕੇ ਬੈਠ ਗਈ। ਬਾਦਸ਼ਾਹ ਨੇ ਕਿਲ੍ਹੇ ਦੀ ਮਜ਼ਬੂਤੀ ਦੇਖ ਕੇ ਆਪਣੇ ਜਰਨੈਲਾਂ ਨੂੰ ਹਮਲਾ ਕਰਨ ਤੋਂ ਰੋਕੀ ਰੱਖਿਆ। 30 ਨਵੰਬਰ ਨੂੰ ਵਜ਼ੀਰ ਮੁਨੀਮ ਖ਼ਾਨ ਸਿੰਘਾਂ ਦੀ ਸੂਹ ਲੈਣ ਲਈ ਕਿਲ੍ਹੇ ਦੇ ਨੇੜੇ ਪੁੱਜਾ ਤਾਂ ਸਿੰਘਾਂ ਨੇ ਉਸ ਦੀ ਟੋਲੀ ਉੱਪਰ ਤੋਪਾਂ ਦੇ ਗੋਲੇ ਬਰਸਾ ਦਿੱਤੇ। ਮੁਨੀਮ ਖ਼ਾਨ ਨੇ ਸਿੰਘਾਂ ਉੱਪਰ ਹਮਲਾ ਕਰ ਦਿੱਤਾ ਜਿਸ ਵਿਚ ਦੋਹਾਂ ਪਾਸਿਆਂ ਦਾ ਬਹੁਤ ਨੁਕਸਾਨ ਹੋਇਆ। 10 ਦਸੰਬਰ ਦੀ ਰਾਤ ਨੂੰ ਪੰਥ ਦੇ ਹੁਕਮ ਅਨੁਸਾਰ ਗੜ੍ਹੀ ਦੀ ਅਗਵਾਈ ਸਰਦਾਰ ਗੁਲਾਬ ਸਿੰਘ ਤੇ ਹੋਰ ਦਸ ਬਾਰਾਂ ਸਿੰਘਾਂ ਨੂੰ ਸੌਂਪ ਕੇ ਬਾਬਾ ਜੀ ਬਾਕੀ ਦੇ ਸਿੰਘਾਂ ਨੂੰ ਨਾਲ ਲੈ ਕੇ ਨਾਹਨ ਦੀਆਂ ਪਹਾੜੀਆਂ ਵੱਲ ਨਿਕਲ ਗਏ। 11 ਦਸੰਬਰ ਨੂੰ ਮੁਨੀਮ ਖ਼ਾਨ ਨੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਬਾਬਾ ਬੰਦਾ ਸਿੰਘ ਦੇ ਭੇਸ ਵਿਚ ਸਰਦਾਰ ਗੁਲਾਬ ਸਿੰਘ ਨੂੰ ਬਾਦਸ਼ਾਹ ਅੱਗੇ ਪੇਸ਼ ਕੀਤਾ ਗਿਆ। ਉਸ ਨੂੰ ਦੇਖ ਕੇ ਬਾਦਸ਼ਾਹ ਨੂੰ ਬਾਬਾ ਬੰਦਾ ਸਿੰਘ ਦੇ ਘੇਰੇ ਵਿਚੋਂ ਨਿਕਲ ਜਾਣ ਦਾ ਪਤਾ ਲੱਗਾ।



ਬਾਦਸ਼ਾਹ ਦੀ ਸਿੰਘਾਂ ਵਿਰੁੱਧ ਚੜ੍ਹਾਈ
**Rise of Emperor against Singhs**

# *Rise of Emperor against Singhs*

Emperor Bahadur Shah received the news of the fall of Somana and defeat of the rulers of Patti and Naushehra in Amritsar at the hands of the Singhs on 11th November, 1709 AD in Rajasthan. He was quelling the rebellion of the Rajputs there. The Emperor issued orders that all garrison commanders should help each other at the time of need. On 20th May 1710 AD, the Emperor was told when he was near Ajmer, "In the battle of 12th May, Wazir Khan, the governor of Sirhind has been killed and the Singhs have occupied Sirhind." The Emperor issued an order on 24th May, "Afzal Khan should go to Delhi and send Sayyad Abdulla Khan, Shamsher Khan, Chet Singh, Anup Singh and Issa Khan to march against Baba Banda Singh." The sons of Pirs of Somana and Sidhaura appeared before the Emperor on 11-12th June. In response to their complaint, the Emperor marched towards Punjab from Ajmer on 27th June.

The Emperor sent an army against the Singhs from Paragpura under the command of General Firoze Khan Mewati and other commanders on 28th July The Emperor was struck by the fear of the Singhs. He issued an order on 29th August, "All the Hindus in the royal offices should shave off their beards." Firoze Khan attacked the Singhs on 16th October in the field of Amin Garh near Karnal. The entire Singh army had gone towards Saharanpur with the Baba. There were only a few Singhs on administrative jobs with Baba Binod Singh and Sham Singh. The Singhs moved towards Thanesar keeping the forces engaged in battle. Firoze Khan mounted the heads of three hundred Singhs killed in the battle on lances and presented those to the Emperor. The Emperor was pleased and appointed him governor of Sirhind. When the Singhs got no help even at Thanesar, they went to Sidhaura and from there to the fort at Lohgarh.

Getting the news of the victory of the royal army at Amingarh, emboldened Shams Khan also. He marched towards Sirhind with an army from Malwa. Bazid Khan and Umra Khan also joined him. The only Singhs present in Sirhind at the time were those doing administrative work. They took shelter in the fort. Shams Khan besieged the fort. The Singhs abandoned Sirhind fort and moved towards Lohgarh fort. They met Baba Banda Singh on the way. Shams Khan occupied the unmanned Sirhind fort.

On 29th November, the Emperor set up his camp on the bank of Som river near Lohgarh fort from where the fort could be seen clearly. A sixty thousand strong army laid siege to the fort. The Emperor held his generals from attack, keeping in view the strength of the fort. When the minister Munim Khan came near the fort to probe the Singhs on 30th November, they opened artillery fire on his army. Munim Khan charged on the Singhs in which both sides suffered heavy losses. Bowing to the order of the Panth, the Sikh authority, the Baba left the command of the fort to Sardar Gulab Singh and about twelve other Singhs and escaped with other Singhs towards the hills of Nahan on the night of 10th December. Munim Khan captured the fort on 11th December. Sardar Gulab Singh in the guise of Baba Banda Singh was produced before the Emperor. Seeing him, the Emperor came to know of the escape of Baba Banda Singh from the siege.

# ਪਹਾੜੀ ਰਾਜਿਆਂ ਨਾਲ ਨਜਿੱਠਣਾ
# Dealing with the Hill Rajas



# ਪਹਾੜੀ ਰਾਜਿਆਂ ਨਾਲ ਨਜਿੱਠਣਾ

10 ਦਸੰਬਰ 1710 ਈਸਵੀ ਦੀ ਰਾਤ ਨੂੰ ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਾਥੀਆਂ ਸਮੇਤ ਸ਼ਾਹੀ ਘੇਰਾ ਤੋੜ ਕੇ ਨਾਹਨ ਦੀਆਂ ਪਹਾੜੀਆਂ ਵੱਲ ਨਿਕਲ ਗਿਆ। ਬਾਦਸ਼ਾਹ ਨੂੰ ਆਪਣੀ ਅਸਫ਼ਲਤਾ ਉੱਪਰ ਬਹੁਤ ਗ਼ੁੱਸਾ ਆਇਆ। ਉਸ ਨੇ 13 ਦਸੰਬਰ ਨੂੰ ਹਮੀਦ ਖ਼ਾਨ ਨੂੰ ਹੁਕਮ ਦਿੱਤਾ, "ਨਾਹਨ ਦੀਆਂ ਪਹਾੜੀਆਂ ਵਿਚੋਂ ਬਾਬਾ ਬੰਦਾ ਸਿੰਘ ਨੂੰ ਲੱਭ ਕੇ ਲਿਆਓ, ਜੇ ਉਹ ਨਾ ਮਿਲੇ ਤਾਂ ਉਥੋਂ ਦੇ ਰਾਜੇ ਭੂਪ ਪ੍ਰਕਾਸ਼ ਨੂੰ ਲੈ ਆਉਣਾ।" ਬਾਬਾ ਜੀ ਹਮੀਦ ਖ਼ਾਨ ਦੇ ਪੁੱਜਣ ਤੋਂ ਪਹਿਲਾਂ ਹੀ ਨਾਹਨ ਦੀ ਰਿਆਸਤ ਟੱਪ ਗਏ ਸਨ। ਉਸ ਨੇ ਰਾਜਾ ਭੂਪ ਪ੍ਰਕਾਸ਼ ਨੂੰ ਲਿਆ ਕੇ 14 ਦਸੰਬਰ ਨੂੰ ਬਾਦਸ਼ਾਹ ਦੇ ਸਾਹਮਣੇ ਹਾਜ਼ਰ ਕਰ ਦਿੱਤਾ। ਬਾਦਸ਼ਾਹ ਨੇ ਰਾਜੇ ਅਤੇ ਸ. ਗੁਲਾਬ ਸਿੰਘ ਨੂੰ ਇਕ ਪਿੰਜਰੇ ਵਿਚ ਬੰਦ ਕਰ ਕੇ ਦਿੱਲੀ ਭੇਜ ਦਿੱਤਾ।

ਬਾਬਾ ਜੀ ਨੇ ਪਹਾੜੀ ਇਲਾਕੇ ਵਿਚ ਪੁੱਜ ਕੇ ਸਿਖ ਸੰਗਤਾਂ ਨੂੰ 12 ਦਸੰਬਰ ਨੂੰ ਕੀਰਤਪੁਰ ਇਕੱਠੇ ਹੋਣ ਲਈ ਹੁਕਮਨਾਮੇ ਭੇਜ ਦਿੱਤੇ। ਇਸ ਵਾਰੀ ਬਾਬਾ ਜੀ ਨੇ ਪਹਾੜੀ ਰਾਜਿਆਂ ਨੂੰ ਸੋਧਣ ਦਾ ਪ੍ਰੋਗਰਾਮ ਬਣਾਇਆ। ਸਭ ਤੋਂ ਪਹਿਲਾਂ ਉਨ੍ਹਾਂ ਦੀ ਨਜ਼ਰ ਬਲਾਸਪੁਰ ਦੇ ਰਾਜੇ ਭੀਮ ਚੰਦ 'ਤੇ ਗਈ ਜਿਨ੍ਹੇ ਕਈ ਵਾਰੀ ਬਾਕੀ ਪਹਾੜੀ ਰਾਜਿਆਂ ਨੂੰ ਇਕੱਠਾ ਕਰ ਕੇ ਅਨੰਦਪੁਰ ਉੱਪਰ ਹਮਲਾ ਕੀਤਾ ਸੀ। ਬਾਬਾ ਜੀ ਪਾਸ ਜਦੋਂ ਕਾਫ਼ੀ ਸਿੰਘ ਪੁੱਜ ਗਏ ਤਾਂ ਉਨ੍ਹਾਂ ਨੇ ਭੀਮ ਚੰਦ ਨੂੰ ਈਨ ਮੰਨਣ ਲਈ ਚਿੱਠੀ ਲਿਖ ਦਿੱਤੀ। ਉਸ ਨੇ ਖ਼ਾਲਸੇ ਦੀ ਈਨ ਮੰਨਣ ਦੀ ਥਾਂ ਟਾਕਰੇ ਦੀ ਤਿਆਰੀ ਸ਼ੁਰੂ ਕਰ ਦਿੱਤੀ। ਉਸ ਨੇ ਮਦਦ ਲਈ ਦੁਆਬੇ ਦੇ ਜ਼ਿਮੀਦਾਰਾਂ ਤੇ ਗੁਆਂਢੀ ਪਹਾੜੀ ਰਾਜਿਆਂ ਨੂੰ ਬੁਲਾ ਲਿਆ। ਬਲਾਸਪੁਰ ਦੀ ਕਿਲ੍ਹੇਬੰਦੀ ਕਰ ਕੇ ਉਹ ਸਿੰਘਾਂ ਦੇ ਹਮਲੇ ਦੀ ਉਡੀਕ ਕਰਨ ਲੱਗਾ। ਜਦੋਂ ਸਿੰਘਾਂ ਨੇ ਧਾਵਾ ਬੋਲਿਆ ਤਾਂ ਉਸ ਦੇ ਰਾਜਪੂਤ ਉਨ੍ਹਾਂ ਅੱਗੇ ਟਿਕ ਨਾ ਸਕੇ। ਸਿੰਘਾਂ ਨੇ ਉਸ ਦੇ ਸਾਰੇ ਸਿਰ-ਕੱਢ ਸਰਦਾਰ ਮੈਦਾਨ ਵਿਚ ਢੇਰੀ ਕਰ ਦਿੱਤੇ। ਬਲਾਸਪੁਰ ਦੀ ਹਾਰ ਸੁਣ ਕੇ ਬਾਕੀ ਪਹਾੜੀ ਰਾਜੇ ਬਿਨਾਂ ਸੱਦੇ ਬਾਬਾ ਜੀ ਦੇ ਡੇਰੇ ਪੁੱਜ ਗਏ ਤੇ ਖ਼ਾਲਸੇ ਦੀ ਈਨ ਮੰਨ ਲਈ।

ਬਾਬਾ ਜੀ ਪਹਾੜੀ ਰਿਆਸਤਾਂ ਵਿਚੋਂ ਹੁੰਦੇ ਹੋਏ ਚੰਬੇ ਵੱਲ ਨਿਕਲ ਗਏ। ਉੱਥੋਂ ਦੇ ਰਾਜੇ ਉਦੈ ਸਿੰਘ ਨੇ ਆਪਣੇ ਸ਼ਾਹੀ ਘਰਾਣੇ ਦੀ ਲੜਕੀ ਨਾਲ ਬਾਬਾ ਜੀ ਦੀ ਸ਼ਾਦੀ ਕਰ ਦਿੱਤੀ। ਉਸ ਲੜਕੀ ਤੋਂ ਅਜੈ ਸਿੰਘ ਦਾ ਜਨਮ 1711 ਈਸਵੀ ਦੇ ਅਖ਼ੀਰ ਵਿਚ ਹੋਇਆ। ਮਾਰਚ 1711 ਦੇ ਸ਼ੁਰੂ ਵਿਚ ਬਾਬਾ ਜੀ ਪਹਾੜਾਂ ਤੋਂ ਉਤਰ ਕੇ ਰਾਇਪੁਰ ਨੇੜੇ ਨਿਕਲ ਆਏ। ਬਾਬਾ ਜੀ ਦਾ ਟਾਕਰਾ ਸ਼ਮਸ ਖ਼ਾਨ ਤੇ ਬਾਜ਼ੀਦ ਖ਼ਾਨ ਨਾਲ ਹੋ ਗਿਆ ਜਿਹੜੇ ਬਾਬਾ ਜੀ ਨੂੰ ਉਸ ਪਾਸੇ ਢੂੰਡ ਰਹੇ ਸਨ। ਸ਼ਮਸ ਖ਼ਾਨ ਭਾਈ ਬਾਜ਼ ਸਿੰਘ ਦੇ ਹੱਥੋਂ ਮਾਰਿਆ ਗਿਆ ਤੇ ਬਾਜ਼ੀਦ ਖ਼ਾਨ ਬੁਰੀ ਤਰ੍ਹਾਂ ਫੱਟੜ ਹੋ ਗਿਆ। ਬਾਬਾ ਜੀ ਨੇ ਬਹਿਰਾਮਪੁਰ ਲੈਣ ਮਗਰੋਂ ਕਲਾਨੌਰ ਉੱਪਰ ਭੀ ਕਬਜ਼ਾ ਕਰ ਲਿਆ। ਬਹੁਤ ਸਾਰੇ ਮੁਸਲਮਾਨ ਫ਼ੌਜ ਵਿਚ ਭਰਤੀ ਕਰ ਲਏ ਜਿਨ੍ਹਾਂ ਨੂੰ ਸਾਰੀਆਂ ਧਾਰਮਕ ਖੁਲ੍ਹਾਂ ਦਿੱਤੀਆਂ ਜਿਵੇਂ ਕਿ ਪੰਜ ਵੇਲੇ ਨਮਾਜ਼ ਗੁਜ਼ਾਰਨੀ। ਲਾਹੌਰ ਦੀ ਫ਼ੌਜ ਨੇ ਫਿਰ ਬਾਬਾ ਜੀ 'ਤੇ ਚੜ੍ਹਾਈ ਕਰ ਦਿੱਤੀ। ਬਾਬਾ ਜੀ ਉਥੋਂ ਜੰਮੂ ਦੀਆਂ ਪਹਾੜੀਆਂ ਵੱਲ ਨਿਕਲ ਗਏ। ਬੜਾ ਲੰਮਾ ਚੱਕਰ ਕੱਢ ਕੇ ਫਿਰ ਬਾਬਾ ਜੀ ਕੀਰਤਪੁਰ ਤੇ ਰੋਪੜ ਵੱਲ ਆ ਗਏ।

ਬਾਦਸ਼ਾਹ ਪਹਿਲੀ ਅਗਸਤ ਨੂੰ ਲਾਹੌਰ ਪੁਜਿਆ। ਲਾਹੌਰ ਵਿਚ ਸੁੰਨੀ ਤੇ ਸ਼ੀਆ ਮੁਸਲਮਾਨਾਂ ਦਾ ਝਗੜਾ ਹੋ ਗਿਆ। ਬਾਬਾ ਜੀ ਦੇ ਘੇਰਿਆਂ ਵਿਚੋਂ ਨਿਕਲ ਜਾਣ ਦੀ ਪ੍ਰੇਸ਼ਾਨੀ ਤਾਂ ਉਸ ਨੂੰ ਪਹਿਲਾਂ ਹੀ ਸੀ ਤੇ ਦੂਜਾ ਮੁਸਲਮਾਨਾਂ ਦਾ ਝਗੜਾ ਪੈ ਗਿਆ ਜਿਸ ਨਾਲ ਜਨਵਰੀ 1712 ਈਸਵੀ ਵਿਚ ਉਸ ਨੂੰ ਪਾਗਲਪਣ ਦੇ ਦੌਰੇ ਪੈਣ ਲੱਗੇ। ਉਸ ਨੂੰ ਕਿਸੇ ਨੇ ਕਹਿ ਦਿੱਤਾ ਕਿ ਬੰਦਾ ਸਿੰਘ ਆਪਣੇ ਜਾਦੂ ਨਾਲ ਜੋ ਕੁਝ ਵੀ ਚਾਹੇ ਬਣ ਸਕਦਾ ਹੈ। ਇਹ ਸੁਣ ਕੇ ਉਸ ਨੇ ਸਾਰੇ ਸ਼ਹਿਰ ਦੇ ਮੰਗਤੇ ਤੇ ਫ਼ਕੀਰ ਸ਼ਹਿਰ ਤੋਂ ਬਾਹਰ ਕਢਵਾ ਦਿੱਤੇ, ਕੁੱਤੇ ਤੇ ਗਧੇ ਮਰਵਾ ਦਿੱਤੇ।

# Dealing with the Hill Rajas

Baba Banda Singh Bahadur broke the siege of the royal army on the night of 10th December, 1710 AD and escaped with his companions towards the hills of Nahan. The Emperor was enraged at his failure. He ordered Hamid Khan on 13th December, "Search out Baba Banda Singh from the hills of Nahan and bring him to me. If he is not found, bring Bhup Parkash, the Raja of the state." The Baba had crossed the state of Nahan before the arrival of Hamid Khan. He brought Raja Bhup Parkash and produced him before the Emperor on 14th December. The Emperor locked the Raja and S. Gulab Singh in a cage and sent them to Delhi.

The Baba sent directions to the Sikhs on reaching the hilly area on 12th December to gather at Kiratpur. The Baba made a plan to chastise the hill rajas this time. First of all, he chose Bhim Chand, the raja of Bilaspur who had collected the other hill rajas many a time in the past and attacked Anandpur. When sufficient number of Singhs had arrived, he wrote to Bhim Chand to accept subordination. Instead of accepting subordination, he started preparation for a war. He called the landlords of Doaba and neighbouring hill rajas for help. After fortifying Bilaspur, he lay in wait for the attack of the Singhs. His Rajputs could not stand the attack of the Singhs. The Singhs put to sword all his prominent commanders in the battlefield. At the news of defeat of Bilaspur, all the other hill rajas went to the camp of the Baba without being called and accepted the sovereignty of the Khalsa.

Roaming in the hill states, the Baba moved to Chamba. Raja Udhey Chand of Chamba married a girl of his royal family to the Baba. Ajai Singh was born to that girl in the end of 1711 AD. In the beginning of March 1711 AD, the Baba came down the hills near Raipur. The Baba encountered Shams Khan and Bazid Khan who were in search of him on that side. Shams Khan was killed at the hands of Bhai Baaz Singh and Bazid Khan was badly wounded. The Baba took over Behrampur and occupied Kalanaur after that. He recruited many Muslims in his army who had all the religious liberties such as prayers, five times a day. The army of Lahore again mounted an offensive against the Baba. The Baba moved towards the hills of Jammu from that place. After a long detour, the Baba again came to Kiratpur and Ropar.

The Emperor reached Lahore on 1st August. There arose a trouble between Shi'ah and Sunni Muslims at Lahore. Already worried as he was by the Baba breaking the siege many a time, this dispute among the Muslims added fuel to his worries which resulted in his having fits of insanity in January 1712 AD. Somebody told him, "Banda Singh can transform himself into any form by his magic." Hearing this, he ordered all the beggars and mendicants out of the city and got all the dogs and donkeys killed.


# ਖ਼ਾਲਸਾ ਸਢੌਰਾ ਤੇ ਲੋਹਗੜ੍ਹ ਦਾ ਦੁਬਾਰਾ ਮਾਲਕ

17-18 ਫ਼ਰਵਰੀ 1712 ਈਸਵੀ ਰਾਤ ਨੂੰ ਬਾਦਸ਼ਾਹ ਬਹਾਦਰ ਸ਼ਾਹ ਦੀ ਮੌਤ ਹੋ ਗਈ। ਉਸਦੇ ਪੁੱਤਰਾਂ ਵਿਚ ਗੱਦੀ ਲਈ ਜੰਗ ਸ਼ੁਰੂ ਹੋ ਗਈ। ਸਿੰਘਾਂ ਨੇ ਉਸ ਝਗੜੇ ਦਾ ਲਾਭ ਉਠਾ ਕੇ ਕਲਾਨੌਰ ਅਤੇ ਬਟਾਲੇ ਉੱਪਰ ਕਬਜ਼ਾ ਕਰ ਲਿਆ ਤੇ ਬਾਬਾ ਬੰਦਾ ਸਿੰਘ ਨੇ ਲੋਹਗੜ੍ਹ ਤੇ ਸਢੌਰਾ ਫਿਰ ਜਾ ਸੰਭਾਲੇ। ਸਰਹੰਦ ਦੇ ਫ਼ੌਜਦਾਰ ਨੇ ਬਾਬਾ ਜੀ ਨੂੰ ਖ਼ਤਮ ਕਰਨ ਲਈ ਚੜ੍ਹਾਈ ਕੀਤੀ ਪਰ ਹਾਰ ਖਾ ਕੇ ਵਾਪਸ ਮੁੜ ਗਿਆ।

19 ਮਾਰਚ ਨੂੰ ਜਹਾਨਦਾਰ ਸ਼ਾਹ ਦਿੱਲੀ ਦੇ ਤਖ਼ਤ ਉੱਪਰ ਬੈਠਾ। 9 ਅਪ੍ਰੈਲ ਨੂੰ ਉਸ ਨੇ ਮੁਹੰਮਦ ਅਮੀਨ ਖ਼ਾਨ ਨੂੰ ਨੌ ਹਜ਼ਾਰ ਸਵਾਰ ਦੇ ਕੇ ਬਾਬਾ ਜੀ ਨੂੰ ਖ਼ਤਮ ਕਰਨ ਲਈ ਭੇਜਿਆ। ਸਰਹੰਦ ਪੁੱਜਣ ਉੱਪਰ ਉਸਨੂੰ ਸਰਹੰਦ ਦੇ ਸੂਬੇਦਾਰ ਜ਼ੈਨ ਦੀਨ ਅਹਿਮਦ ਖ਼ਾਨ ਨੇ ਸਮਝਾਇਆ, "ਬਾਬਾ ਆਪਣੇ ਪੁਰਾਣੇ ਅੱਡੇ ਵਿਚ ਹੈ। ਉਸ ਲਈ ਇਹ ਫ਼ੌਜ ਬਹੁਤ ਥੋੜ੍ਹੀ ਹੈ।" ਬਾਦਸ਼ਾਹ ਨੇ ਮੁਹੰਮਦ ਅਮੀਨ ਖ਼ਾਨ ਦੀ ਬੇਨਤੀ ਪ੍ਰਵਾਨ ਕਰ ਕੇ ਦੋ ਤੋਪਾਂ ਤੇ ਹੋਰ ਫ਼ੌਜ ਭੇਜ ਦਿੱਤੀ। ਸਰਹੰਦ ਦੇ ਸੂਬੇ ਦੀ ਫ਼ੌਜ ਤੇ ਮੁਹੰਮਦ ਅਮੀਨ ਖ਼ਾਨ ਦੀ ਫ਼ੌਜ ਨੇ ਮਿਲ ਕੇ ਸਢੌਰਾ ਤੇ ਲੋਹਗੜ੍ਹ ਦੇ ਕਿਲ੍ਹਿਆਂ ਨੂੰ ਘੇਰਾ ਪਾ ਲਿਆ। ਜਦੋਂ ਸ਼ਾਹੀ ਫ਼ੌਜ ਕਿਸੇ ਕਿਲ੍ਹੇ ਉੱਪਰ ਹੱਲਾ ਕਰਦੀ ਤਾਂ ਸਿੰਘ ਅੰਦਰੋਂ ਉਨ੍ਹਾਂ ਦਾ ਬੁਰਾ ਹਾਲ ਕਰ ਦਿੰਦੇ।

ਦਸੰਬਰ 1712 ਈਸਵੀ ਵਿਚ ਦਿੱਲੀ ਦੇ ਤਖ਼ਤ ਲਈ ਫਿਰ ਜੰਗ ਸ਼ੁਰੂ ਹੋ ਗਈ। ਬਾਦਸ਼ਾਹ ਜਹਾਨਦਾਰ ਸ਼ਾਹ ਨੇ ਮੁਹੰਮਦ ਅਮੀਨ ਖ਼ਾਨ ਨੂੰ ਆਪਣੀ ਮਦਦ ਲਈ ਆਗਰੇ ਬੁਲਾ ਲਿਆ। ਇਸ ਤਰ੍ਹਾਂ ਫ਼ੌਜ ਘਟਣ ਨਾਲ ਸਢੌਰੇ ਤੇ ਲੋਹਗੜ੍ਹ ਦੇ ਕਿਲ੍ਹਿਆਂ ਦੇ ਘੇਰੇ ਢਿੱਲੇ ਪੈ ਗਏ। ਜ਼ੈਨ ਦੀਨ ਅਹਿਮਦ ਖ਼ਾਨ ਨੇ ਦੇਖਿਆ ਕਿ ਦੂਰ ਤੋਂ ਤੋਪ ਦੇ ਗੋਲਿਆਂ ਦਾ ਗੜ੍ਹੀ ਦੇ ਸਿੰਘਾਂ ਉੱਪਰ ਕੋਈ ਅਸਰ ਨਹੀਂ ਹੁੰਦਾ। ਉਸ ਨੇ ਇਕ ਵੱਡਾ ਉੱਚਾ ਥੜ੍ਹਾ ਸਢੌਰੇ ਦੀ ਗੜ੍ਹੀ ਦੇ ਨੇੜੇ ਬਣਵਾ ਕੇ ਇਕ ਵੱਡੀ ਤੋਪ ਉਸ ਉਪਰ ਬੀੜ ਦਿੱਤੀ। ਸਿੰਘਾਂ ਨੇ ਗੜ੍ਹੀ ਦੇ ਅੰਦਰੋਂ ਉਸ ਥੜ੍ਹੇ ਤਕ ਸੁਰੰਗ ਕੱਢ ਲਈ ਤੇ ਇਕ ਰਾਤ ਉਸ ਤੋਪ ਨੂੰ ਰੱਸੇ ਪਾ ਕੇ ਕਿਲ੍ਹੇ ਵਿਚ ਲੈ ਕੇ ਆਉਣ ਲਈ ਖਿੱਚਣ ਲੱਗੇ। ਰੱਸਾ ਟੁੱਟ ਜਾਣ ਨਾਲ ਤੋਪ ਤਖ਼ਤੇ ਤੋਂ ਡਿਗ ਪਈ ਜਿਸਦੇ ਖੜਕੇ ਨਾਲ ਪਹਿਰੇਦਾਰ ਜਾਗ ਪਏ। ਦੂਜੀ ਸਵੇਰ ਫ਼ੌਜਦਾਰ ਨੇ ਫਿਰ ਤੋਪ ਤਖ਼ਤੇ ਉੱਪਰ ਰੱਖਵਾ ਕੇ ਕਿਲ੍ਹੇ ਉੱਪਰ ਗੋਲੇ ਮਾਰਨੇ ਚਾਲੂ ਕਰ ਦਿਤੇ। ਕਿਲ੍ਹੇ ਦੇ ਸਿੰਘਾਂ ਉੱਪਰ ਉਨ੍ਹਾਂ ਗੋਲਿਆਂ ਦਾ ਕੋਈ ਖ਼ਾਸ ਅਸਰ ਨਾ ਪਿਆ।

ਪਹਿਲੀ ਫ਼ਰਵਰੀ 1713 ਈਸਵੀ ਨੂੰ ਫ਼ਰੁਖ਼ਸੀਅਰ ਨੇ ਬਾਦਸ਼ਾਹ ਜਹਾਨਦਾਰ ਖ਼ਾਨ ਨੂੰ ਕਤਲ ਕਰ ਕੇ ਦਿੱਲੀ ਦਾ ਤਖ਼ਤ ਆਪ ਸੰਭਾਲ ਲਿਆ। ਉਸ ਨੇ ਸਢੌਰੇ ਤੇ ਲੋਹਗੜ੍ਹ ਦੇ ਘੇਰੇ ਬਹੁਤ ਦੇਰ ਤੋਂ ਲਟਕਦੇ ਦੇਖ ਕੇ ਲਾਹੌਰ ਦੇ ਨਵੇਂ ਨਿਯਤ ਕੀਤੇ ਸੂਬੇਦਾਰ ਅਬਦੁਲ ਸੱਮਦ ਖ਼ਾਨ ਨੂੰ ਜ਼ੈਨ ਦੀਨ ਅਹਿਮਦ ਖ਼ਾਨ ਦੀ ਮਦਦ ਕਰਨ ਦਾ ਹੁਕਮ ਕਰ ਦਿੱਤਾ। ਬਾਬਾ ਬੰਦਾ ਸਿੰਘ ਆਪ ਲੋਹਗੜ੍ਹ ਦੇ ਕਿਲ੍ਹੇ ਵਿਚ ਸੀ। ਸਢੌਰੇ ਦੀ ਗੜ੍ਹੀ ਵਿਚ ਭੀ ਸਿੰਘ ਡਟੇ ਹੋਏ ਸਨ। ਹੋਰ ਫ਼ੌਜ ਆਉਣ ਪਿਛੋਂ ਜ਼ੈਨ ਦੀਨ ਅਹਿਮਦ ਖ਼ਾਨ ਨੇ ਸਢੌਰੇ ਦੀ ਗੜ੍ਹੀ ਦਾ ਘੇਰਾ ਤੰਗ ਕਰ ਦਿੱਤਾ, ਜਿਸ ਨਾਲ ਸਿੰਘਾਂ ਦਾ ਰਸਦ ਪਾਣੀ ਲੋਹਗੜ੍ਹ ਦੇ ਕਿਲ੍ਹੇ ਵਿਚੋਂ ਆਉਣਾ ਬੰਦਾ ਹੋ ਗਿਆ। ਜ਼ੈਨ ਦੀਨ ਅਹਿਮਦ ਖ਼ਾਨ ਨੇ ਸਢੌਰੇ ਦੀ ਗੜ੍ਹੀ ਦੇ ਅੰਦਰ ਜਾਣ ਲਈ ਸੱਤ ਸੌ ਪੌੜੀਆਂ ਬਣਵਾਈਆਂ। ਜਦੋਂ ਸਿੰਘਾਂ ਨੂੰ ਉਸ ਦੀ ਇਸ ਤਿਆਰੀ ਦਾ ਪਤਾ ਲੱਗਾ ਤਾਂ ਉਹ ਸਤੰਬਰ 1713 ਈਸਵੀ ਦੇ ਅੱਧ ਵਿਚ ਗੜ੍ਹੀ ਵਿਚੋਂ ਨਿਕਲ ਕੇ, ਆਪਣੇ ਰਸਤੇ ਵਿਚੋਂ ਤਲਵਾਰਾਂ ਨਾਲ ਵੈਰੀ ਨੂੰ ਪਾਸੇ ਕਰਦੇ ਹੋਏ ਲੋਹਗੜ੍ਹ ਦੇ ਕਿਲ੍ਹੇ ਅੰਦਰ ਚਲੇ ਗਏ। ਉਸ ਪਿਛੋਂ ਫ਼ੌਜਦਾਰਾਂ ਨੇ ਸਢੌਰੇ ਦੀ ਗੜ੍ਹੀ ਨੂੰ ਢਵਾ ਦਿੱਤਾ ਤਾਂ ਜੁ ਸਿੰਘ ਫਿਰ ਉਸ ਵਿਚ ਵਾਪਸ ਨਾ ਆ ਜਾਣ। 13 ਨਵੰਬਰ ਨੂੰ ਜ਼ੈਨ ਦੀਨ ਅਹਿਮਦ ਖ਼ਾਨ ਨੇ ਹੋਰ ਸਰਦਾਰਾਂ ਨੂੰ ਨਾਲ ਲੈ ਕੇ ਲੋਹਗੜ੍ਹ ਦੇ ਕਿਲ੍ਹੇ ਉੱਪਰ ਹੱਲਾ ਬੋਲ ਦਿੱਤਾ। ਜਦੋਂ ਉਹ ਉੱਥੇ ਪੁੱਜੇ ਤਾਂ ਨਾ ਕਿਲ੍ਹੇ ਵਿਚ ਬਾਬਾ ਬੰਦਾ ਸਿੰਘ ਸੀ ਤੇ ਨਾ ਹੀ ਕੋਈ ਹੋਰ ਸਿੰਘ। ਸਿੰਘ ਸ਼ਾਹੀ ਫ਼ੌਜ ਦੇ ਪੁੱਜਣ ਤੋਂ ਪਹਿਲਾਂ ਹੀ ਪਹਾੜੀਆਂ ਨੂੰ ਚਲੇ ਗਏ ਸਨ। ਸ਼ਾਹੀ ਫ਼ੌਜ ਨੇ ਉਨ੍ਹਾਂ ਦਾ ਪਿੱਛਾ ਕਰਨ ਦੀ ਹਿੰਮਤ ਨਾ ਕੀਤੀ।


ਖ਼ਾਲਸਾ ਸਢੌਰਾ ਤੇ ਲੋਹਗੜ੍ਹ ਦਾ ਦੁਬਾਰਾ ਮਾਲਕ
Khalsa again Master of Sidhaura and Lohgarh

# *Khalsa again Master of Sidhaura and Lohgarh*

Emperor Bahadur Shah died on the night of 17-18 February 1712 AD. A war of succession started among his sons. The Singhs took advantage of that infighting and occupied Kalanaur and Batala. Baba Banda Singh again took over Lohgarh and Sidhaura. The governor of Sirhind attacked the Baba in order to finish him but retreated after suffering a defeat.

Jahandar Shah ascended the throne of Delhi on 19th March. On 9th April, he despatched Mohammad Amin Khan with nine thousand horsemen to finish the Baba. When he reached Sirhind, Zain Din Ahmad Khan, the governor councelled him, "The Baba is at his old base. This force is too small for him." Acceding to the request of Mohammad Amin Khan, the Emperor sent two guns and more army. The combined forces of the governor of Sirhind and Mohammad Amin Khan besieged the forts of Sidhaura and Lohgarh. Whenever the royal forces attacked any of the forts, they were given a bloody nose by the Singhs inside.

Battle for the throne of Delhi restarted in December 1712 AD. Emperor Jahandar Shah called Mohammad Amin Khan to Agra for his help. With the depletion of army, the siege of the forts of Sidhaura and Lohgarh loosened. Zain Din Ahmad Khan saw that guns shell had no particular effect on the Singhs in the fortress from a distance. He constructed a big and high platform near Sidhaura fortress and mounted a big gun on it. The Singhs made a tunnel from inside the fortress to that platform and started pulling that gun with ropes to the fortress on night. The ropes broke up resulting in fall of the gun from the platform and noise woke up the guards. The next morning, the commander again got the gun mounted on the platform and started shelling the fortress. The shells had little effect on the Singhs inside the fort.

Farrukh Sier after killing Emperor Jahandar Shah occupied the throne of Delhi on 1st February 1713 AD. Finding the siege of Sidhaura and Lohgarh lingering on since long, he ordered the newly appointed governor of Lahore, Abdul Samad Khan, to help Zain Din Ahmad Khan. Baba Banda Singh himself was in the fort Lohgarh. The Singhs were bravely holding on in the fortress of Sidhaura. On the arrival of additional army, Zain Din Ahmad Khan tightened the siege of Sidhaura fortress which resulted in stoppage of supplies to the Singhs from the Lohgarh fort. Zain Din Ahmad Khan made seven hundred ladders to go inside the Sidhaura fortress. When the Singhs came to know of these preparations of his, they came out of the fortress in mid September of 1713 and making their way through the enemy forces with their swords went inside Lohgarh fort. After that the commanders demolished the fortress at Sidhaura so that the Singhs might not return to it. Zain Din Ahmad Khan along with other generals attacked the Lohgarh fort. When they reached there, neither there was Baba Banda Singh nor any other Singh inside the fort. The Singhs had gone to the hills before the arrival of the royal army. The royal army had no courage to go in pursuit.


ਗੁਰਦਾਸ ਨੰਗਲ ਦਾ ਘੇਰਾ
ਤੇ ਗ੍ਰਿਫ਼ਤਾਰੀਆਂ
Siege of Gurdas Nangal and Arrests

# ਗੁਰਦਾਸ ਨੰਗਲ ਦਾ ਘੇਰਾ ਤੇ ਗ੍ਰਿਫ਼ਤਾਰੀਆਂ

ਬਾਬਾ ਬੰਦਾ ਸਿੰਘ ਨੇ ਨਵੰਬਰ 1713 ਈਸਵੀ ਵਿਚ ਲੋਹਗੜ੍ਹ ਛੱਡਣ ਪਿਛੋਂ, ਜੰਮੂ ਵਿਚ ਦਰਿਆ ਚਨਾਬ ਦੇ ਕਿਨਾਰੇ ਪਹਾੜੀਆਂ ਵਿਚ ਆਪਣਾ ਡੇਰਾ ਕਰ ਲਿਆ। ਇਥੇ ਉਨ੍ਹਾਂ ਨੇ ਦੂਜੀ ਸ਼ਾਦੀ ਵਜ਼ੀਰਾਬਾਦ ਦੇ ਖੱਤਰੀ ਸ਼ਿਵਰਾਮ ਦੀ ਸਪੁੱਤਰੀ ਬੀਬੀ ਸਾਹਿਬ ਕੌਰ ਨਾਲ ਕਰ ਲਈ ਜਿਸਦੀ ਕੁਖੋਂ ਰਣਜੀਤ ਸਿੰਘ ਦਾ ਜਨਮ ਹੋਇਆ।

ਮਾਰਚ 1715 ਈਸਵੀ ਵਿਚ ਬਾਬਾ ਜੀ ਨੇ ਪਹਾੜਾਂ ਤੋਂ ਉੱਤਰ ਕੇ ਕਲਾਨੌਰ ਅਤੇ ਬਟਾਲੇ ਉੱਪਰ ਕਬਜ਼ਾ ਕਰ ਲਿਆ। ਬਾਬਾ ਜੀ ਦੇ ਇਸ ਤਰ੍ਹਾਂ ਪ੍ਰਗਟ ਹੋਣ ਨਾਲ ਬਾਦਸ਼ਾਹ ਫ਼ਰੁਖ਼ਸੀਅਰ ਨੇ ਲਾਹੌਰ ਦੇ ਸੂਬੇਦਾਰ ਅਬਦੁੱਲ ਸੱਮਦ ਖ਼ਾਨ ਨੂੰ ਝਾੜਿਆ ਤੇ ਕੁਮਰਦੀਨ ਖ਼ਾਨ ਨੂੰ ਫ਼ੌਜ ਦੇ ਕੇ ਭੇਜਿਆ ਤੇ ਬਾਕੀ ਫ਼ੌਜਦਾਰਾਂ ਨੂੰ ਲਾਹੌਰ ਦੇ ਸੂਬੇਦਾਰ ਦੀ ਮਦਦ ਕਰਨ ਦੇ ਹੁਕਮ ਕਰ ਦਿੱਤੇ। ਬਾਦਸ਼ਾਹ ਦੇ ਹੁਕਮ ਮਿਲਣ ਉੱਪਰ ਗੁਜਰਾਤ, ਐਮਨਾਬਾਦ, ਔਰੰਗਾਬਾਦ, ਬਟਾਲਾ, ਪੱਟੀ, ਕਲਾਨੌਰ ਆਦਿ ਦੇ ਫ਼ੌਜਦਾਰ ਤੇ ਪਹਾੜੀ ਰਾਜੇ ਆਪਣੀਆਂ ਫ਼ੌਜਾਂ ਲੈ ਕੇ ਲਾਹੌਰ ਪੁੱਜ ਗਏ। ਬਾਬਾ ਜੀ ਉਨ੍ਹਾਂ ਦਿਨਾਂ ਵਿਚ ਬਟਾਲੇ ਤੇ ਕਲਾਨੌਰ ਵਿਚਕਾਰ ਇਕ ਕੱਚੀ ਗੜ੍ਹੀ ਬਣਵਾ ਰਹੇ ਸਨ। ਅਜੇ ਨੀਹਾਂ ਦੀ ਖੁਦਾਈ ਕੀਤੀ ਹੀ ਸੀ ਕਿ ਲਾਹੌਰ ਦੇ ਸੂਬੇਦਾਰ ਨੇ ਸਾਰੀਆਂ ਫ਼ੌਜਾਂ ਨੂੰ ਨਾਲ ਲੈ ਕੇ ਬਾਬਾ ਜੀ ਉੱਪਰ ਹਮਲਾ ਕਰ ਦਿੱਤਾ। ਸਿੰਘ ਅਗੋਂ ਡਟ ਕੇ ਟਾਕਰਾ ਕਰਦੇ ਹੋਏ, ਸਿਰ ਲੁਕਾਉਣ ਲਈ ਆਸਰਾ ਲੱਭਦੇ ਹੋਏ ਪਿਛੇ ਨੂੰ ਹਟਦੇ ਗਏ। ਗੁਰਦਾਸ ਨੰਗਲ ਦੇ ਨੇੜੇ 'ਦੁਨੀ ਚੰਦ ਦੀ ਹਵੇਲੀ ਨਾਂ' ਦਾ ਇਕ ਥੇਹ ਸੀ ਜਿਸ ਦੇ ਚਾਰੇ ਪਾਸੇ ਪੱਕੀ ਦੀਵਾਰ ਸੀ, ਉਸ ਵਿਚ ਸਿੰਘਾਂ ਨੇ ਡੇਰਾ ਕਰ ਲਿਆ। ਫ਼ੌਜ ਦੇ ਪੁੱਜਣ ਤੋਂ ਪਹਿਲਾਂ ਉਨ੍ਹਾਂ ਨੇ ਜਿਥੋਂ ਕਿਥੋਂ ਦਾਣਾ ਪੱਠਾ ਮਿਲਿਆ ਇਕੱਠਾ ਕਰ ਲਿਆ ਤੇ ਅਹਾਤੇ ਦੇ ਬਾਹਰ ਖਾਈ ਪੁੱਟ ਕੇ ਨੇੜੇ ਵਹਿੰਦੀ ਨਹਿਰ ਨੂੰ ਕੱਟ ਕੇ ਉਸਦੇ ਪਾਣੀ ਨਾਲ ਭਰ ਦਿੱਤਾ ਤੇ ਅਹਾਤੇ ਨੂੰ ਗੜ੍ਹੀ ਵਿਚ ਬਦਲ ਲਿਆ।

ਪਿੱਛਾ ਕਰਦੀ ਆ ਰਹੀ ਸ਼ਾਹੀ ਫ਼ੌਜ ਨੇ ਗੁਰਦਾਸ ਨੰਗਲ ਪੁੱਜ ਕੇ ਉਸ ਕੱਚੀ ਗੜ੍ਹੀ ਨੂੰ ਘੇਰਾ ਪਾ ਲਿਆ। ਸ਼ਾਹੀ ਫ਼ੌਜ ਦੇ ਘੇਰੇ ਦੇ ਹੁੰਦੇ ਹੋਏ ਵੀ ਹਰ ਰੋਜ਼ ਦੋ ਜਾਂ ਤਿੰਨ ਵਾਰੀ ਚਾਲੀ ਜਾਂ ਪੰਜਾਹ ਸਿੰਘਾਂ ਦਾ ਜਥਾ ਗੜ੍ਹੀ ਵਿਚੋਂ ਬਾਹਰ ਜਾਂਦਾ ਤੇ ਆਪਣੇ ਡੰਗਰਾਂ ਲਈ ਘਾਹ ਪੱਠੇ ਲੈ ਕੇ ਵਾਪਸ ਆ ਜਾਂਦਾ। ਕੁਮਰ ਦੀਨ ਦੀ ਫ਼ੌਜ ਤੇ ਤੋਪਾਂ ਪਹੁੰਚਣ ਪਿਛੋਂ ਗੜ੍ਹੀ ਦਾ ਘੇਰਾ ਹੋਰ ਤੰਗ ਕਰ ਦਿੱਤਾ ਗਿਆ ਜਿਸ ਨਾਲ ਗੜ੍ਹੀ ਤੋਪਾਂ ਦੀ ਮਾਰ ਵਿਚ ਆ ਗਈ। ਸਿੰਘਾਂ ਦੇ ਜਥਿਆਂ ਨੂੰ ਬਾਹਰ ਜਾਣ ਤੋਂ ਰੋਕਣ ਲਈ ਗੜ੍ਹੀ ਦੇ ਸਾਰੇ ਪਾਸੇ ਦੇ ਤੰਬੂ ਲਾਗੇ ਲਾਗੇ ਕਰ ਕੇ ਉਨ੍ਹਾਂ ਨੂੰ ਰੱਸਿਆਂ ਨਾਲ ਬੰਨ੍ਹ ਦਿੱਤਾ ਗਿਆ। ਇਨ੍ਹਾਂ ਸਾਰੀਆਂ ਰੋਕਾਂ ਦੇ ਹੁੰਦੇ ਹੋਏ ਭੀ ਬਾਬਾ ਬਿਨੋਦ ਸਿੰਘ ਬਾਹਰ ਜਾ ਕੇ ਬਜ਼ਾਰ ਵਿਚੋਂ ਮਨ-ਭਾਉਂਦੀਆਂ ਵਸਤੂਆਂ ਲੈ ਕੇ ਮੁੜ ਆਉਂਦੇ। ਪਹਿਰਾ ਸਖ਼ਤ ਕਰਨ ਨਾਲ ਭੀ ਫ਼ੌਜ ਬਾਬਾ ਬਿਨੋਦ ਸਿੰਘ ਨੂੰ ਬਾਹਰ ਜਾਣ ਤੋਂ ਨਾ ਰੋਕ ਸਕੀ।

ਬਾਬਾ ਬੰਦਾ ਸਿੰਘ ਦਾ ਡਰ ਫ਼ੌਜਦਾਰਾਂ ਦੇ ਮਨਾਂ ਉੱਪਰ ਬੈਠਿਆ ਹੋਇਆ ਸੀ। ਉਹ ਡਰਦੇ ਗੜ੍ਹੀ ਉੱਪਰ ਹਮਲਾ ਨਹੀਂ ਸੀ ਕਰਦੇ। ਅੱਠ ਮਹੀਨੇ ਦੇ ਲੰਮੇ ਘੇਰੇ ਨਾਲ ਸਿੰਘਾਂ ਦਾ ਇਕੱਠਾ ਕੀਤਾ ਦਾਣਾ ਪੱਠਾ ਸਭ ਖ਼ਤਮ ਹੋ ਗਿਆ ਤੇ ਬਾਹਰੋਂ ਲੈ ਕੇ ਆਉਣਾ ਬੰਦ ਹੋ ਗਿਆ। ਭੁੱਖ ਨਾਲ ਸਿੰਘ ਹੱਡੀਆਂ ਦੇ ਪਿੰਜਰ ਬਣ ਗਏ ਤੇ ਬਹੁਤ ਸਾਰੇ ਚੜ੍ਹਾਈ ਕਰ ਗਏ। ਜਿਨ੍ਹਾਂ ਸਿੰਘਾਂ ਨੂੰ ਵੈਰੀਆਂ ਦੀਆਂ ਤੋਪਾਂ ਨਾ ਡਰਾ ਸਕੀਆਂ ਉਹ ਸਾਥੀਆਂ ਨੂੰ ਭੁੱਖੇ ਮਰਦੇ ਦੇਖ ਕੇ ਆਪ ਘਬਰਾਉਣ ਲਗੇ। ਬਾਬਾ ਬਿਨੋਦ ਸਿੰਘ ਨੇ ਬਾਬਾ ਬੰਦਾ ਸਿੰਘ ਨੂੰ ਗੜ੍ਹੀ ਖ਼ਾਲੀ ਕਰ ਜਾਣ ਦੀ ਸਲਾਹ ਦਿੱਤੀ ਪਰ ਬਾਬਾ ਬੰਦਾ ਸਿੰਘ ਮਰ ਰਹੇ ਸਾਥੀਆਂ ਨੂੰ ਛੱਡ ਕੇ ਜਾਣ ਲਈ ਤਿਆਰ ਨਾ ਹੋਏ। ਬਾਬਾ ਬਿਨੋਦ ਸਿੰਘ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਸ਼ਾਹੀ ਘੇਰੇ ਵਿਚੋਂ ਬਾਹਰ ਨਿਕਲ ਗਏ।

ਬਾਬਾ ਬਿਨੋਦ ਸਿੰਘ ਦੇ ਜਥੇ ਦੇ ਜਾਣ ਪਿਛੋਂ ਸੂਬੇਦਾਰ ਨੂੰ ਯਕੀਨ ਹੋ ਗਿਆ ਕਿ ਸਿੰਘ ਜਿਊਂਦੇ ਜਾਗਦੇ ਹਾਰ ਨਹੀਂ ਮੰਨਣਗੇ। ਉਸ ਨੇ ਬਾਬਾ ਜੀ ਨੂੰ ਸੁਨੇਹਾ ਭੇਜਿਆ, "ਤੁਸੀਂ ਗੜ੍ਹੀ ਖ਼ਾਲੀ ਕਰ ਦੇਵੋ। ਅਸੀਂ ਬਾਦਸ਼ਾਹ ਪਾਸੋਂ ਤੁਸਾਂ ਨੂੰ ਮੁਆਫ਼ੀ ਦਿਲਵਾ ਦੇਵਾਂਗੇ।" ਇਹ ਸੁਨੇਹਾ ਮਿਲਣ ਉਪਰ 7 ਦਸੰਬਰ 1715 ਈਸਵੀ ਨੂੰ ਗੜ੍ਹੀ ਦਾ ਦਰਵਾਜ਼ਾ ਖੋਲ੍ਹ ਦਿੱਤਾ ਗਿਆ। ਫ਼ੌਜ ਨੇ ਅੰਦਰ ਜਾ ਕੇ ਤਿੰਨ ਸੌ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਤੇ ਦੋ ਸੌ ਨੂੰ ਬੰਦੀ ਬਣਾ ਲਿਆ।

# *Siege of Gurdas Nangal and Arrests*

After leaving Lohgarh in November 1713 AD, Baba Banda Singh set up his camp in Jammu hills on the bank of river Chanab. There he solemnized a second marriage with Sahib Kaur, daughter of Shiv Ram Khatri of Wazirabad. She bore him a son named Ranjit Singh.

The Baba descended the hills in March 1715 AD and seized Kalanaur and Batala. The Emperor Farrukh Seir reprimanded Abdul Samad Khan, the governor of Lahore on appearance of the Baba in this way. He sent Kumer Din Khan with an army and ordered all the other commanders to help the governor of Lahore. On receiving the orders of the Emperor, the commanders of Gujrat, Aimnabad, Aurangabad, Batala, Patti and Kalanaur and the hill rajas reached Lahore with their forces. The Baba was getting an earthen fortress constructed in between Batala and Kalanaur at that time. Only the foundations had been dug up when the governor of Lahore with all the forces attacked Batala. The Singhs retreated fighting bravely and looking for a place to take shelter. There was a ruin named 'House of Duni Chand' near Gurdas Nangal which had a brick wall all around. The Singhs encamped in that place. Before the arrival of the army, they collected grain and fodder from here and there, dug up a ditch around the yard and filled it with water by cutting the canal near by thus converting the yard into a fortress.

The royal army coming in pursuit besieged that temporary fortress on reaching Gurdas Nangal. In spite of this siege of the royal army, a batch of forty to fifty Singhs went outside the fortress two or three times a day and brought fodder for their animals. With the arrival of additional army and guns of Kumer Din, the siege was narrowed due to which the fortress came within the range of guns. To prevent the batches of Singhs from going out, tents around the fortress were shifted close to each other and tied with ropes. In spite of all these obstacles, Baba Binod Singh would go out and bring the necessary things from the market. Even by tightening of the watch, the army could not stop Baba Binod Singh going out.

The fear of Baba Banda Singh had a deep impression on the minds of the commanders. They were afraid to attack the fortress. The long siege of eight months resulted in exhaustion of grain and fodder of the Singhs. Bringing of supplies from outside also stopped. Hunger reduced many Singhs to skeletons and a large number died. The Singhs who could not be intimidated by the enemy guns started getting nervous seeing their companions die of hunger. Baba Binod Singh suggested to Baba Banda Singh to vacate the fortress but Baba Banda Singh did not agree to leave the dying companions. Baba Binod Singh took his companions along and went out of the siege of the royal army.

The Governor was convinced after the squad of Baba Binod Singh had left that the Singhs would not concede defeat as long as they were alive. He sent a message to the Baba, "If you vacate the fortress, we shall get you pardoned by the Emperor." On receipt of this message, the door of the fortress was opened on the 7th December 1715 AD. The army went inside, martyred three hundred Singhs and took two hundred as prisoners.

# ਬਾਬਾ ਬੰਦਾ ਸਿੰਘ ਅਤੇ ਸਾਥੀਆਂ ਦਾ ਕਤਲ


ਬਾਬਾ ਬੰਦਾ ਸਿੰਘ ਤੇ ਉਨ੍ਹਾਂ ਦੇ ਸਾਥੀ ਸਿੰਘਾਂ ਨੂੰ ਗੁਰਦਾਸ ਨੰਗਲ ਤੋਂ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਆਂਦਾ ਗਿਆ। ਲਾਹੌਰ ਤੋਂ ਸਿੰਘਾਂ ਨੂੰ ਦਿੱਲੀ ਲੈ ਕੇ ਜਾਣ ਦੀ ਜ਼ਿੰਮੇਵਾਰੀ ਲਾਹੌਰ ਦੇ ਸੂਬੇਦਾਰ ਦੇ ਪੁੱਤਰ ਜ਼ਕਰੀਆ ਖ਼ਾਨ ਦੀ ਲਗਾਈ ਗਈ। ਉਸਨੂੰ ਗ੍ਰਿਫ਼ਤਾਰ ਕੀਤੇ ਦੋ ਸੌ ਸਿੰਘ ਬਹੁਤ ਥੋੜ੍ਹੇ ਲੱਗੇ। ਉਸ ਨੇ ਬਾਦਸ਼ਾਹ ਨੂੰ ਦਿਖਾਉਣ ਲਈ ਬੇਗੁਨਾਹ ਸਿੰਘਾਂ ਨੂੰ ਇਕੱਠੇ ਕਰ ਕੇ ਗਿਣਤੀ ਵਧਾ ਲਈ।

ਸਿੰਘਾਂ ਨੂੰ ਲਾਹੌਰ ਤੋਂ ਦਿੱਲੀ ਵੱਲ ਇਕ ਜਲੂਸ ਦੇ ਰੂਪ ਵਿਚ ਲਿਜਾਇਆ ਗਿਆ। ਸਭ ਤੋਂ ਅੱਗੇ ਬਾਂਸਾਂ ਉੱਤੇ ਟੰਗੇ ਹੋਏ ਦੋ ਹਜ਼ਾਰ ਸਿੰਘਾਂ ਦੇ ਸਿਰ ਸਨ, ਉਨ੍ਹਾਂ ਪਿੱਛੇ ਇਕ ਬਾਂਸ ਉਪਰ ਟੰਗੀ ਮਰੀ ਹੋਈ ਬਿੱਲੀ ਜਿਹੜੀ ਇਹ ਦੱਸਣ ਲਈ ਸੀ ਕਿ ਫ਼ੌਜ ਨੇ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਬਿੱਲੀ ਤਕ ਜ਼ਿੰਦਾ ਨਹੀਂ ਛੱਡੀ। ਉਸ ਤੋਂ ਪਿਛੇ ਬਾਬਾ ਬੰਦਾ ਸਿੰਘ ਇਕ ਪਿੰਜਰੇ ਵਿਚ ਬੰਦ ਕਰ ਕੇ ਹਾਥੀ ਉੱਪਰ ਰਖੇ ਹੋਏ ਸਨ। ਉਨ੍ਹਾਂ ਨੂੰ ਚਾਰ ਥਾਈਂ ਸੰਗਲ ਲਗਾਏ ਹੋਏ ਸਨ ਤੇ ਪਿੱਛੇ ਇਕ ਮੁਗ਼ਲ ਨੰਗੀ ਤਲਵਾਰ ਲੈ ਕੇ ਖੜਾ ਸੀ, ਇਸ ਲਈ ਕਿ ਜੇ ਬਾਬਾ ਜੀ ਉੱਡਣ ਲੱਗਣ ਤਾਂ ਉਹ ਉਨ੍ਹਾਂ ਨੂੰ ਕਤਲ ਕਰ ਦੇਵੇ। ਉਨ੍ਹਾਂ ਦੇ ਪਿਛੇ ਊਠਾਂ ਉੱਪਰ ਦੋ ਦੋ ਕਰ ਕੇ ਬੱਧੇ ਕੈਦੀ ਸਿੰਘ ਸਨ ਜਿਨ੍ਹਾਂ ਦਾ ਇਕ ਇਕ ਹੱਥ ਪਿਛੇ ਬੰਨ੍ਹਿਆ ਹੋਇਆ ਸੀ। 29 ਫ਼ਰਵਰੀ 1716 ਈਸਵੀ ਨੂੰ ਇਹ ਜਲੂਸ ਲਾਲ ਕਿਲ੍ਹੇ ਦਿੱਲੀ ਪੁੱਜਿਆ। ਬਾਬਾ ਜੀ ਤੇ ਹੋਰ ਸਰਦਾਰਾਂ ਨੂੰ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ। ਬਾਬਾ ਜੀ ਦੀ ਪਤਨੀ ਤੇ ਉਨ੍ਹਾਂ ਦਾ ਚਾਰ ਸਾਲ ਦਾ ਪੁੱਤਰ ਅਜੈ ਸਿੰਘ ਜ਼ਨਾਨਖ਼ਾਨੇ ਦੇ ਪ੍ਰਬੰਧ ਵਿਚ ਪਹੁੰਚਾ ਦਿੱਤੇ। 694 ਸਿੰਘਾਂ ਨੂੰ ਕਤਲ ਕਰਨ ਦਾ ਹੁਕਮ ਸੁਣਾ ਕੇ ਸਰਬਰਾਹ ਖ਼ਾਨ ਕੋਤਵਾਲ ਨੂੰ ਸੌਂਪ ਦਿੱਤਾ।

ਸਿੰਘਾਂ ਨੂੰ ਕਤਲ ਕਰਨ ਲਈ ਦਿੱਲੀ ਸਟੇਸ਼ਨ ਦੇ ਸਾਹਮਣੇ ਇਕ ਚਬੂਤਰਾ ਤਿਆਰ ਕੀਤਾ ਗਿਆ। 5 ਮਾਰਚ 1716 ਈਸਵੀ ਨੂੰ ਇਕ ਸੌ ਸਿੰਘਾਂ ਦਾ ਪਹਿਲਾ ਜਥਾ ਕਤਲ ਕਰਨ ਲਈ ਪੇਸ਼ ਕੀਤਾ ਗਿਆ। ਕੋਤਵਾਲ ਨੇ ਸ਼ਾਹੀ ਫ਼ੁਰਮਾਨ ਅਨੁਸਾਰ ਉਨ੍ਹਾਂ ਨੂੰ ਕਿਹਾ, "ਜਿਹੜਾ ਮੁਸਲਮਾਨ ਬਣਨ ਲਈ ਤਿਆਰ ਹੈ ਉਹ ਜਾ ਸਕਦਾ ਹੈ।" ਸਿੰਘਾਂ ਦੇ ਜਥੇ ਵਿਚੋਂ ਇਕ ਭੀ ਸਿੰਘ ਆਪਣਾ ਧਰਮ ਤਿਆਗ ਕੇ ਜਾਨ ਬਚਾਉਣ ਲਈ ਅੱਗੇ ਨਾ ਵਧਿਆ। ਵਾਰੀ ਵਾਰੀ ਸਾਰੇ ਸਿੰਘ ਆਪਣੀਆਂ ਧੌਣਾਂ ਜੱਲਾਦ ਦੀ ਤਲਵਾਰ ਦੇ ਅੱਗੇ ਨੀਵੀਂਆਂ ਕਰਦੇ ਗਏ। ਦੂਜੇ ਦਿਨ ਭੀ ਇਕ ਸੌ ਸਿੰਘਾਂ ਨੂੰ ਉਸ ਚਬੂਤਰੇ ਉੱਪਰ ਕਤਲ ਕੀਤਾ ਗਿਆ। ਇਕ ਹਫ਼ਤੇ ਵਿਚ 694 ਸਿੰਘ ਕਤਲ ਕਰ ਦਿੱਤੇ ਗਏ। ਉਨ੍ਹਾਂ ਵਿਚੋਂ ਕਿਸੇ ਨੇ ਵੀ ਧਰਮ ਨਾ ਤਿਆਗਿਆ। ਜਨਤਾ ਨੂੰ ਡਰਾਉਣ ਲਈ ਉਨ੍ਹਾਂ ਸਿੰਘਾਂ ਦੇ ਸਿਰ ਤੇ ਧੜ ਸ਼ਹਿਰ ਤੋਂ ਬਾਹਰ ਲਿਜਾ ਕੇ ਦਰਖ਼ਤਾਂ ਉੱਤੇ ਟੰਗ ਦਿੱਤੇ ਗਏ।

9 ਜੂਨ 1716 ਈਸਵੀ ਨੂੰ ਬਾਬਾ ਜੀ ਤੇ ਉਨ੍ਹਾਂ ਦੇ ਸਾਥੀ ਸਰਦਾਰਾਂ ਨੂੰ ਕਿਲ੍ਹੇ ਤੋਂ ਬਾਹਰ ਲਿਆਂਦਾ ਗਿਆ। ਬੇੜੀਆਂ ਵਿਚ ਜਕੜੇ ਹੋਏ ਬਾਬਾ ਜੀ ਨੂੰ ਸ਼ਾਹੀ ਪੁਸ਼ਾਕ ਪਹਿਨਾਈ ਗਈ ਤੇ ਇਕ ਹਾਥੀ ਉੱਪਰ ਬਿਠਾ ਦਿੱਤਾ ਗਿਆ। ਬਾਕੀ ਦੇ ਸਿੰਘ ਸਰਦਾਰ ਬੇੜੀਆਂ ਤੇ ਜ਼ੰਜੀਰਾਂ ਵਿਚ ਜਕੜੇ ਹੋਏ ਉਸ ਹਾਥੀ ਦੇ ਪਿੱਛੇ ਸਨ। ਉਨ੍ਹਾਂ ਦਾ ਇਹ ਜਲੂਸ ਸ਼ਹਿਰ ਦੇ ਬਜ਼ਾਰਾਂ ਵਿਚੀਂ ਹੁੰਦਾ ਹੋਇਆ ਕੁਤਬ ਮੀਨਾਰ ਦੇ ਲਾਗੇ ਖ਼ੁਆਜਾ ਕੁਤਬੁੱਦੀਨ ਬਖ਼ਤਿਆਰ ਕਾਕੀ ਦੀ ਦਰਗਾਹ ਦੇ ਪਾਸ ਪੁਜਿਆ ਤਾਂ ਬਾਬਾ ਬੰਦਾ ਸਿੰਘ ਨੂੰ ਹਾਥੀ ਤੋਂ ਉਤਾਰ ਕੇ ਜ਼ਮੀਨ ਉੱਪਰ ਬਿਠਾ ਦਿੱਤਾ ਤੇ ਉਨ੍ਹਾਂ ਦਾ ਚਾਰ ਸਾਲ ਦਾ ਪੁੱਤਰ ਅਜੈ ਸਿੰਘ ਉਨ੍ਹਾਂ ਦੀ ਗੋਦ ਵਿਚ ਦੇ ਦਿੱਤਾ ਗਿਆ। ਉਸ ਪਿਛੋਂ ਜੱਲਾਦ ਨੇ ਬਾਬਾ ਜੀ ਨੂੰ ਕਿਹਾ, "ਤੂੰ ਇਸਲਾਮ ਕਬੂਲ ਕਰ ਲੈ ਜਾਂ ਮਰਨ ਲਈ ਤਿਆਰ ਹੋ ਜਾ।" ਬਾਬਾ ਜੀ ਨੇ ਧਰਮ ਤਿਆਗਣ ਤੋਂ ਨਾਂਹ ਕਰ ਦਿੱਤੀ। ਫਿਰ ਉਨ੍ਹਾਂ ਨੂੰ ਕਿਹਾ ਗਿਆ, "ਇਸ ਬੱਚੇ ਨੂੰ ਕਤਲ ਕਰੋ।" ਉਨ੍ਹਾਂ ਨੇ ਨਾਂਹ ਕਰ ਦਿੱਤੀ ਤਾਂ ਜੱਲਾਦ ਨੇ ਅਜੈ ਸਿੰਘ ਦਾ ਛੁਰੀ ਨਾਲ ਦਿਲ ਕੱਢ ਕੇ ਬਾਬਾ ਜੀ ਦੇ ਮੂੰਹ ਵਿਚ ਤੁੰਨ ਦਿੱਤਾ। ਬਾਬਾ ਜੀ ਅਡੋਲ ਬੈਠੇ ਰਹੇ। ਉਸ ਪਿਛੋਂ ਜੱਲਾਦ ਨੇ ਪਹਿਲਾਂ ਉਨ੍ਹਾਂ ਦੀ ਸੱਜੀ ਅੱਖ ਕੱਢੀ ਤੇ ਫਿਰ ਖੱਬੀ, ਪਹਿਲਾਂ ਸੱਜਾ ਪੈਰ ਕਟਿਆ ਤੇ ਫਿਰ ਖੱਬਾ। ਇਸ ਤਰ੍ਹਾਂ ਬਾਬਾ ਜੀ ਨੂੰ ਬਹੁਤ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਬਾਬਾ ਜੀ ਨੂੰ ਸ਼ਹੀਦ ਕਰਨ ਪਿਛੋਂ ਉਨ੍ਹਾਂ ਨਾਲ ਗ੍ਰਿਫ਼ਤਾਰ ਕੀਤੇ ਸਰਦਾਰਾਂ ਨੂੰ ਵੀ ਸ਼ਹੀਦ ਕੀਤਾ ਗਿਆ।

## ਬਾਬਾ ਬੰਦਾ ਸਿੰਘ ਅਤੇ ਸਾਥੀਆਂ ਦਾ ਕਤਲ



**Execution of Baba Banda Singh and Companions**

# *Execution of Baba Banda Singh and Companions*

After the arrest at Gurdas Nangal, Baba Banda Singh and his companions were brought to Lahore. Zakaria Khan, the son of the governor of Lahore was entrusted with the responsibility of taking the Singhs from Lahore to Delhi. He considered the two hundred arrested Singhs as very small in numbers. In order to show off the Emperor, he gathered innocent Singhs to increase the numbers.

Singhs were taken from Lahore to Delhi in the form of a procession. Leading the procession were two thousand heads of Singhs held on bamboo sticks followed by a dead cat also mounted on a bamboo to show that the army did not leave even a cat alive in the fortress of Gurdas Nangal. Baba Banda Singh in a cage placed on an elephant came behind. He was tied with four chains and a Mughal with an unsheathed sword stood behind him so that he might kill him if he tried to fly. He was followed by imprisoned Singhs, two on each camel with one hand tied behind. This procession reached Red Fort of Delhi on 29th February 1716 AD. The Baba and other Singh chiefs were imprisoned in the fort. His wife and four year old son were given in the custody of women's cell. 694 Singhs were ordered to be executed and handed over to the police chief Sarbrah Khan.

A platform was prepared near the place where Delhi station is now located, for the execution of the Singhs. The first batch of one hundred Singhs was brought for execution on 5th March 1716 AD. In accordance with the royal order, the police chief said to them, "Whosoever is ready to embrace Islam can go." No one out of that batch of Singhs came forward to give up his faith to save his life. Turn by turn all the Singhs bowed their necks before the executioner's sword. Next day another batch of one hundred Singhs was murdered on the platform. In one week, six hundred and ninety-four Singhs were murdered. Out of those not a single one forsook his faith. To intimidate the public, the heads and bodies of those Singhs were hung on trees outside the city.

The Baba and the other chiefs were brought out of the fort on 9th June 1716 AD. The Baba, in fetters, was made to dress in royal robes and mounted on an elephant. The rest of the Singh chiefs in chains and fetters were behind that elephant. When this procession, passing through the streets and bazars of the city reached the shrine of Khwaja Kutab Din Bakhtiar Kaki near the Qutab minaret, Baba Banda Singh was dismounted from the elephant and made to sit on the ground. His four year old son Ajai Singh was put in his lap. After that, the executioner said to him, "Embrace Islam or be ready to die." The Baba refused to give up his faith. Then he was told, "Kill this child." On his refusal, the executioner took out the heart of Ajai Singh with a dagger and thrust it into the Baba's mouth. The Baba sat unperturbed. After that, the executioner gouged first his right eye and then the left, first severed his right foot and then left. In this way, the Baba was tortured to martyrdom. After having martyred the Baba, the Singh chiefs taken prisoners with him were also martyred.


ਰਣਜੀਤ ਸਿੰਘ—ਜੰਮਦਾ ਬਹਾਦਰ
Ranjit Singh—Born Brave

# ਰਣਜੀਤ ਸਿੰਘ—ਜੰਮਦਾ ਬਹਾਦਰ

ਮਹਾਰਾਜਾ ਰਣਜੀਤ ਸਿੰਘ ਦਾ ਜਨਮ 2 ਨਵੰਬਰ 1780 ਈਸਵੀ ਨੂੰ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਦੇ ਘਰ ਗੁੱਜਰਾਂਵਾਲੇ ਹੋਇਆ। ਸਰਦਾਰ ਮਹਾਂ ਸਿੰਘ ਰਸੂਲ ਨਗਰ ਦੇ ਰਣ ਵਿਚ ਜਿੱਤ ਪ੍ਰਾਪਤ ਕਰ ਕੇ ਆ ਰਿਹਾ ਸੀ ਜਦੋਂ ਕਿ ਉਨ੍ਹਾਂ ਨੂੰ ਪੁੱਤਰ ਦੇ ਜਨਮ ਦੀ ਖ਼ਬਰ ਮਿਲੀ। ਇਸ ਲਈ ਉਨ੍ਹਾਂ ਨੇ ਪੁੱਤਰ ਦਾ ਨਾਉਂ ਰਣਜੀਤ ਸਿੰਘ ਰੱਖ ਦਿੱਤਾ। ਰਣਜੀਤ ਸਿੰਘ ਦੇ ਛੋਟੀ ਉਮਰ ਵਿਚ ਚੀਚਕ ਨਿਕਲ ਆਈ ਸੀ ਜਿਸ ਨਾਲ ਉਨ੍ਹਾਂ ਦੀ ਖੱਬੀ ਅੱਖ ਮਾਰੀ ਗਈ ਤੇ ਚਿਹਰੇ ਉੱਪਰ ਚੀਚਕ ਦੇ ਨਿਸ਼ਾਨ ਪੈ ਗਏ ਸਨ। ਛੇ ਸਾਲ ਦੇ ਹੋਣ ਉਪਰ ਉਨ੍ਹਾਂ ਲਈ ਭਾਈ ਭਾਗ ਸਿੰਘ ਨੂੰ ਅੱਖਰੀ ਵਿੱਦਿਆ ਸਿਖਾਉਣ ਲਈ ਅਤੇ ਪੰਡਿਤ ਅਮੀਰ ਸਿੰਘ ਨੂੰ ਸ਼ਸਤਰ ਵਿੱਦਿਆ ਦੇਣ ਲਈ ਲਗਾ ਦਿੱਤਾ। ਅੱਖਰੀ ਵਿੱਦਿਆ ਵਿਚ ਉਨ੍ਹਾਂ ਦਾ ਮਨ ਨਾ ਲਗਿਆ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਹੀ ਸਿੱਖਿਆ ਪਰ ਸ਼ਸਤਰ ਵਿੱਦਿਆ ਵਿਚ ਉਹ ਬਚਪਨ ਵਿਚ ਹੀ ਚੋਟੀ ਦੇ ਸੂਰਮੇ ਬਣ ਗਏ। ਦਸ ਸਾਲ ਦੀ ਉਮਰ ਵਿਚ ਹੀ ਉਨ੍ਹਾਂ ਨੇ ਯੁੱਧਾਂ ਵਿਚ ਆਪਣੇ ਪਿਤਾ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ।

1785 ਈਸਵੀ ਵਿਚ ਰਣਜੀਤ ਸਿੰਘ ਦੀ ਮੰਗਣੀ ਸ. ਗੁਰਬਖ਼ਸ਼ ਸਿੰਘ ਦੀ ਸੁਪਤਨੀ ਸਦਾ ਕੌਰ ਦੀ ਸਪੁੱਤਰੀ ਮਹਿਤਾਬ ਕੌਰ ਨਾਲ ਕੀਤੀ ਗਈ। ਇਸ ਤਰ੍ਹਾਂ ਕਨ੍ਹਈਆ ਮਿਸਲ ਤੇ ਸ਼ੁਕਰਚੱਕੀਆ ਮਿਸਲ ਵਿਚ ਮਿੱਤਰਤਾ ਹੋ ਗਈ। 1791 ਈਸਵੀ ਵਿਚ ਸ. ਗੁਜਰ ਸਿੰਘ ਭੰਗੀ ਚਲਾਣਾ ਕਰ ਗਿਆ। ਉਸ ਦਾ ਪੁੱਤਰ ਸਾਹਿਬ ਸਿੰਘ ਆਪਣੇ ਇਲਾਕੇ ਦਾ ਮਾਲਕ ਬਣ ਗਿਆ। ਸ. ਮਹਾਂ ਸਿੰਘ ਦੀ ਭੈਣ ਸ. ਸਾਹਿਬ ਸਿੰਘ ਨਾਲ ਵਿਆਹੀ ਹੋਈ ਸੀ, ਇਸ ਲਈ ਸ. ਮਹਾਂ ਸਿੰਘ, ਸ. ਸਾਹਿਬ ਸਿੰਘ ਦੀ, ਆਪਣੇ ਪਿਤਾ ਪਾਸੋਂ ਇਲਾਕਾ ਲੈਣ ਵਿਚ ਮਦਦ ਕਰਦਾ ਸੀ। ਸ. ਗੁਜਰ ਸਿੰਘ ਭੰਗੀ ਦੇ ਚਲਾਣਾ ਕਰ ਜਾਣ ਪਿਛੋਂ ਸ. ਮਹਾਂ ਸਿੰਘ ਨੇ ਸ. ਸਾਹਿਬ ਸਿੰਘ ਪਾਸੋਂ ਇਲਾਕਾ ਲੈਣ ਵਿਚ ਮਦਦ ਕਰਨ ਦਾ ਮੁਆਵਜ਼ਾ ਮੰਗਿਆ। ਸ. ਸਾਹਿਬ ਸਿੰਘ ਨੇ ਨਾਂਹ ਕਰ ਦਿੱਤੀ। ਸ. ਮਹਾਂ ਸਿੰਘ ਨੇ ਚੜ੍ਹਾਈ ਕਰ ਦਿੱਤੀ। ਸ. ਮਹਾਂ ਸਿੰਘ ਤੋਂ ਡਰਦੇ ਸ. ਸਾਹਿਬ ਸਿੰਘ ਨੇ ਸੋਹਦਰੇ ਦੇ ਕਿਲ੍ਹੇ ਦਾ ਆਸਰਾ ਲੈ ਲਿਆ। ਸ. ਮਹਾਂ ਸਿੰਘ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ। ਘੇਰੇ ਦੇ ਦਿਨਾਂ ਵਿਚ ਸ. ਮਹਾਂ ਸਿੰਘ ਬੀਮਾਰ ਹੋ ਗਿਆ। ਉਨ੍ਹਾਂ ਨੇ ਕਿਲ੍ਹੇ ਦੇ ਘੇਰੇ ਦੀ ਜ਼ਿੰਮੇਵਾਰੀ ਬਾਰ੍ਹਾਂ ਸਾਲਾਂ ਦੇ ਰਣਜੀਤ ਸਿੰਘ ਨੂੰ ਸੌਂਪ ਦਿੱਤੀ ਤੇ ਆਪ ਗੁੱਜਰਾਂਵਾਲੇ ਨੂੰ ਮੁੜ ਗਏ। ਸ. ਮਹਾਂ ਸਿੰਘ ਦੇ ਜਾਂਣ ਪਿਛੋਂ ਸ. ਕਰਮ ਸਿੰਘ ਦੂਲੂ ਤੇ ਸ. ਜੋਧ ਸਿੰਘ ਭੰਗੀ ਦੋਵੇਂ ਮਿਲ ਕੇ ਸ. ਸਾਹਿਬ ਸਿੰਘ ਦੀ ਮਦਦ ਲਈ ਆ ਗਏ। ਰਣਜੀਤ ਸਿੰਘ ਉਨ੍ਹਾਂ ਨੂੰ 'ਕੋਟ ਮਹਾਰਾਜ' ਦੇ ਨੇੜੇ ਜਾ ਟਕਰਿਆ ਜਿਥੇ ਉਹ ਦੋਵੇਂ ਹਾਰ ਖਾ ਕੇ ਮੈਦਾਨ ਵਿਚੋਂ ਭੱਜ ਗਏ। ਸ. ਮਹਾਂ ਸਿੰਘ ਜਿੱਤ ਦੀ ਖ਼ਬਰ ਸੁਣ ਕੇ ਬਹੁਤ ਖ਼ੁਸ਼ ਹੋਇਆ। ਅਗਲੇ ਦਿਨ ਮਾਰਚ 1792 ਈਸਵੀ ਵਿਚ ਸ. ਮਹਾਂ ਸਿੰਘ 27 ਸਾਲ ਦੀ ਉਮਰ ਵਿਚ ਸੰਸਾਰ ਤੋਂ ਚੜ੍ਹਾਈ ਕਰ ਗਿਆ। ਪਿਤਾ ਦੇ ਚਲਾਣੇ ਦੀ ਖ਼ਬਰ ਮਿਲਣ ਉੱਪਰ ਰਣਜੀਤ ਸਿੰਘ ਕਿਲ੍ਹੇ ਦਾ ਘੇਰਾ ਉਠਾ ਕੇ ਪਿਤਾ ਦੇ ਸਸਕਾਰ ਲਈ ਗੁੱਜਰਾਂਵਾਲੇ ਆ ਗਿਆ।

ਸ. ਮਹਾਂ ਸਿੰਘ ਦੇ ਚਲਾਣੇ ਪਿਛੋਂ ਬਾਰਾਂ ਸਾਲਾਂ ਦਾ ਰਣਜੀਤ ਸਿੰਘ ਸ਼ੁਕਰਚੱਕੀਆ ਮਿਸਲ ਦੀ ਰਿਆਸਤ ਦਾ ਵਾਰਸ ਬਣ ਗਿਆ। 1793 ਈਸਵੀ ਵਿਚ ਇਕ ਦਿਨ ਹਸ਼ਮਤ ਖ਼ਾਨ ਚੱਠੇ ਨੂੰ ਰਣਜੀਤ ਸਿੰਘ ਇਕੱਲਾ ਸ਼ਿਕਾਰ ਖੇਡਦਾ ਮਿਲ ਗਿਆ। ਉਸ ਦਾ ਇਲਾਕਾ ਚਨਾਬ ਦਰਿਆ ਦੇ ਦੂਜੇ ਪਾਸੇ ਰਣਜੀਤ ਸਿੰਘ ਦੀ ਰਿਆਸਤ ਨਾਲ ਲਗਦਾ ਸੀ। ਉਸ ਨੇ ਇਹ ਸੋਚ ਕੇ ਕਿ ਜੇ ਉਹ ਹੁਣ ਰਣਜੀਤ ਸਿੰਘ ਇਕੱਲੇ ਨੂੰ ਕਤਲ ਕਰ ਦੇਵੇ ਤਾਂ ਉਸ ਨੂੰ ਰਣਜੀਤ ਸਿੰਘ ਦੀ ਰਿਆਸਤ ਉੱਪਰ ਕਬਜ਼ਾ ਕਰਨ ਵਿਚ ਕੋਈ ਔਕੜ ਨਹੀਂ ਹੋਵੇਗੀ, ਰਣਜੀਤ ਸਿੰਘ ਉਪਰ ਤਲਵਾਰ ਦਾ ਵਾਰ ਕਰ ਦਿੱਤਾ। ਉਹ ਵਾਰ ਰਣਜੀਤ ਸਿੰਘ ਦੇ ਘੋੜੇ ਦੀ ਕਾਠੀ ਨੂੰ ਹੀ ਕਟ ਸਕਿਆ ਪਰ ਰਣਜੀਤ ਸਿੰਘ ਦੇ ਵਾਰ ਨੇ ਉਸ ਦਾ ਸਿਰ ਧੜ ਨਾਲੋਂ ਵੱਖਰਾ ਕਰ ਦਿੱਤਾ। ਰਣਜੀਤ ਸਿੰਘ, ਚੱਠੇ ਦਾ ਸਿਰ ਤਲਵਾਰ ਦੀ ਨੋਕ ਉਪਰ ਟੰਗ ਕੇ ਸਾਥੀਆਂ ਨੂੰ ਆ ਮਿਲਿਆ।

# *Ranjit Singh—Born Brave*

Ranjit Singh was born on 2nd November 1780 at Gujranwala. His father, Mahan Singh was the head of the Sukarchakiya misl (group of Sikhs). Sardar Mahan Singh was returning after winning the battle at Rasul Nagar when he got the news of birth of son. So he named his son Ranjit Singh, victor in battle. Ranjit Singh was afflicted with smallpox in childhood resulting in loss of left eye and pock marks on his face. When he was six, he was put under tutelage of Bhai Bhag Singh for knowledge of letters and Pandit Amir Singh was deputed to impart weapon training. Ranjit Singh did not take interest in reading and writing. He only learnt the recitation of Guru Granth Sahib but he became an outstanding warrior when still a child. He started accompany his father in battles at the age of ten.

In 1785 AD, Ranjit Singh was betrothed to Mehtab Kaur, daughter of Sada Kaur, wife of Sardar Gurbax Singh. In this way Kanahiya and Sukarchakiya misls became friends. Sardar Gujjar Singh Bhangi died in 1791 AD. His son Sardar Sahib Singh became the ruler of his territory. S. Mahan Singh's sister was married to S. Sahib Singh and as such he helped S. Sahib Singh in getting territory from his father. After the death of S. Gujjar Singh Bhangi, S. Mahan Singh asked S. Sahib Singh for compensation in lieu of help rendered by him in getting the territory. On refusal by S. Sahib Singh, S. Mahan Singh marched on him. S. Sahib Singh took shelter in Sohdra fort for fear of S. Mahan Singh. S. Mahan Singh laid siege to the fort. S. Mahan Singh fell ill during the siege of the fort. He entrusted the responsibility of the siege to twelve year old Ranjit Singh and returned to Gujranwala. After the departure of S. Mahan Singh, S. Karam Singh Duloo and S. Jodh Singh Bhangi joined hands and came to the help of S. Sahib Singh. Ranjit Singh came forward to give them a fight near Kot Maharaj where they were defeated and fled. S. Mahan Singh was very pleased to hear the news of victory. The next day, in March 1792, S. Mahan Singh died at the age of twenty-seven. Learning the death of his father, Ranjit Singh lifted the siege of the fort and returned to Gujranwal for the last rites.

After the death of his father, twelve year old Ranjit Singh became the ruler of the state governed by Sukarchakiya misl. One day in 1793 AD, Hashmat Khan Chatha found Ranjit Singh hunting all alone. His territory lay on the other side of river Chanab adjoining Ranjit Singh's territory. Thinking that he would have no difficulty in annexing Ranjit Singh's state if he killed him then, he attacked him with a sword. His blow could cut only the saddle of Ranjit Singh's horse but retaliatory blow by Ranjit Singh severed his head. Mounting Chatha's head on the point of the sword, Ranjit Singh joined his companions.

# ਲਾਹੌਰ ਉੱਪਰ ਕਬਜ਼ਾ


ਸਰਦਾਰ ਮਹਾਂ ਸਿੰਘ ਦੇ ਚਲਾਣੇ ਸਮੇਂ ਰਣਜੀਤ ਸਿੰਘ ਸਿਰਫ਼ ਬਾਰਾਂ ਸਾਲਾਂ ਦਾ ਸੀ। ਇਸ ਲਈ ਉਸ ਦੀ ਰਿਆਸਤ ਦਾ ਪ੍ਰਬੰਧ ਦੀਵਾਨ ਲਖਪਤ ਰਾਏ ਤੇ ਉਸ ਦੀ ਮਾਤਾ ਰਾਣੀ ਰਾਜ ਕੌਰ ਸੰਭਾਲਦੇ ਸਨ। ਰਣਜੀਤ ਸਿੰਘ ਜਦ ਕਦੀ ਰਿਆਸਤ ਦੇ ਪ੍ਰਬੰਧ ਵਿਚ ਕੋਈ ਸੁਝਾਅ ਦਿੰਦਾ ਤਾਂ ਉਹ ਦੋਵੇਂ ਬੁਰਾ ਮਨਾਉਂਦੇ। ਕਦੇ ਭੀ ਉਸ ਦੀ ਸਲਾਹ ਸੁਣਨ ਲਈ ਤਿਆਰ ਨਾ ਹੁੰਦੇ। 1796 ਈਸਵੀ ਵਿਚ ਉਸ ਦਾ ਵਿਆਹ ਰਾਣੀ ਸਦਾ ਕੌਰ ਦੀ ਸਪੁੱਤਰੀ ਨਾਲ ਕੀਤਾ ਗਿਆ। ਉਸ ਪਿਛੋਂ ਰਾਣੀ ਸਦਾ ਕੌਰ ਭੀ ਰਿਆਸਤ ਦੇ ਪ੍ਰਬੰਧ ਵਿਚ ਸਲਾਹ ਦੇਣ ਲਗ ਪਈ।

1796 ਈਸਵੀ ਵਿਚ ਰਾਣੀ ਸਦਾ ਕੌਰ ਨੇ ਰਾਮਗੜ੍ਹੀਆ ਮਿਸਲ ਪਾਸੋਂ ਮਿਆਣੀ ਦਾ ਕਿਲ੍ਹਾ ਲੈਣ ਲਈ ਰਣਜੀਤ ਸਿੰਘ ਨੂੰ ਮਦਦ ਲਈ ਬੁਲਾਇਆ। ਦੋਹਾਂ ਮਿਸਲਾਂ ਦੀਆਂ ਫ਼ੌਜਾਂ ਨੇ ਮਿਲ ਕੇ ਮਿਆਣੀ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਛੇ ਮਹੀਨੇ ਦੇ ਘੇਰੇ ਪਿਛੋਂ ਵੀ ਕਿਲ੍ਹਾ ਸਰ ਨਾ ਹੋਇਆ। ਦਰਿਆ ਬਿਆਸ ਵਿਚ ਹੜ੍ਹ ਆਉਣ ਕਾਰਨ ਘੇਰਾ ਉਠਾਉਣਾ ਪਿਆ। ਉਨ੍ਹਾਂ ਛੇ ਮਹੀਨਿਆਂ ਵਿਚ ਰਾਣੀ ਨੇ ਰਣਜੀਤ ਸਿੰਘ ਨੂੰ ਸਮਝਾਇਆ ਕਿ ਉਹ ਦੋਵੇਂ ਮਿਸਲਾਂ ਇਕੱਠੀਆਂ ਹੋ ਕੇ ਕਿਵੇਂ ਬਾਕੀ ਮਿਸਲਾਂ ਦੇ ਇਲਾਕੇ ਨੂੰ ਆਪਣੇ ਅਧੀਨ ਕਰ ਸਕਦੀਆਂ ਹਨ। ਰਾਣੀ ਦੀ ਸਿੱਖਿਆ ਦਾ ਉਸ ਉੱਪਰ ਬਹੁਤ ਅਸਰ ਹੋਇਆ।

1797 ਈਸਵੀ ਵਿਚ ਰਣਜੀਤ ਸਿੰਘ ਨੇ ਮਿਆਣੀ ਤੋਂ ਵਾਪਸ ਆ ਕੇ ਆਪਣੀ ਰਿਆਸਤ ਦਾ ਪ੍ਰਬੰਧ ਆਪਣੇ ਹੱਥ ਵਿਚ ਲੈ ਲਿਆ। 1798 ਈਸਵੀ ਵਿਚ ਦੀਵਾਨ ਲਖਪਤ ਰਾਏ ਨੂੰ ਧੰਨੀ ਦੇ ਇਲਾਕੇ ਦੇ ਜ਼ਿਮੀਦਾਰਾਂ ਮਾਰ ਦਿੱਤਾ ਜਦੋਂ ਉਹ ਲਗਾਨ ਦਾ ਫ਼ੈਸਲਾ ਦੇਣ ਲਈ ਖੇਤਾਂ ਵਿਚ ਖੜ੍ਹੀ ਫ਼ਸਲ ਦੇਖਣ ਗਿਆ ਸੀ। ਰਣਜੀਤ ਸਿੰਘ ਨੇ ਉਸਦੀ ਮੌਤ ਪਿਛੋਂ ਆਪਣੇ ਪਿਤਾ ਦੇ ਮਾਮੇ ਸ. ਦਲ ਸਿੰਘ ਨੂੰ ਆਪਣਾ ਦੀਵਾਨ ਨਿਯਤ ਕਰ ਦਿੱਤਾ। 1798 ਈਸਵੀ ਵਿਚ ਰਾਣੀ ਰਾਜ ਕੌਰ ਭੀ ਸੁਰਗਵਾਸ ਕਰ ਗਈ। ਉਸ ਪਿਛੋਂ ਰਣਜੀਤ ਸਿੰਘ ਤੇ ਰਾਣੀ ਸਦਾ ਕੌਰ ਇਕੱਠੇ ਹੋ ਕੇ ਦੋਹਾਂ ਮਿਸਲਾਂ ਦਾ ਪ੍ਰਬੰਧ ਕਰਨ ਲਗ ਪਏ।

1798 ਈਸਵੀ ਵਿਚ ਕਾਬਲ ਦੇ ਬਾਦਸ਼ਾਹ ਸ਼ਾਹ ਜ਼ਮਾਨ ਨੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਹਿੰਦੁਸਤਾਨ ਉੱਪਰ ਚੌਥਾ ਹਮਲਾ ਕੀਤਾ। 30 ਨਵੰਬਰ ਨੂੰ ਉਹ ਲਾਹੌਰ ਪੁੱਜਿਆ। ਰਸਤੇ ਵਿਚ ਸਿੱਖਾਂ ਦੀ ਛਾਪਾਮਾਰ ਜੰਗ ਨੇ ਉਸ ਨੂੰ ਬਹੁਤ ਤੰਗ ਕੀਤਾ, ਜਿਸ ਤੋਂ ਡਰਦਾ ਉਹ ਲਾਹੌਰ ਟਿਕਿਆ ਰਿਹਾ। ਪਿੱਛੇ ਕਾਬਲ ਵਿਚ ਹੋਈ ਬਗ਼ਾਵਤ ਨੂੰ ਦਬਾਉਣ ਲਈ ਉਹ ਲਾਹੌਰ ਤੋਂ ਹੀ 8 ਜਨਵਰੀ 1799 ਈਸਵੀ ਨੂੰ ਵਾਪਸ ਮੁੜ ਗਿਆ। ਉਸ ਦੇ ਲਾਹੌਰ ਛੱਡਣ ਪਿਛੋਂ ਪਹਿਲੇ ਤਿੰਨ ਭੰਗੀ ਸਰਦਾਰਾਂ ਚੇਤ ਸਿੰਘ, ਸਾਹਿਬ ਸਿੰਘ ਤੇ ਮੋਹਰ ਸਿੰਘ ਨੇ ਫਿਰ ਆ ਕੇ ਲਾਹੌਰ ਉੱਪਰ ਕਬਜ਼ਾ ਕਰ ਲਿਆ। ਉਨ੍ਹਾਂ ਤਿੰਨਾਂ ਸਰਦਾਰਾਂ ਦੀ ਆਪਸ ਵਿਚ ਨਿਭਦੀ ਨਹੀਂ ਸੀ, ਜਿਸ ਕਾਰਨ ਲਾਹੌਰ ਦੀ ਪਰਜਾ ਤੰਗ ਹੁੰਦੀ ਸੀ। ਸ਼ਹਿਰ ਦੇ ਪਤਵੰਤਿਆਂ ਮਿਲ ਕੇ ਰਣਜੀਤ ਸਿੰਘ ਨੂੰ ਸ਼ਹਿਰ ਉੱਪਰ ਕਬਜ਼ਾ ਕਰਨ ਲਈ ਸੱਦਾ ਭੇਜਿਆ ਤੇ ਹਰ ਤਰ੍ਹਾਂ ਦੀ ਮਦਦ ਕਰਨ ਦਾ ਇਕਰਾਰ ਕੀਤਾ।

ਰਣਜੀਤ ਸਿੰਘ ਨੇ ਲਾਹੌਰ ਉੱਪਰ ਕਬਜ਼ਾ ਕਰਨ ਦਾ ਫ਼ੈਸਲਾ ਕਰ ਕੇ ਰਾਣੀ ਸਦਾ ਕੌਰ ਨੂੰ ਆਪਣੀ ਮਦਦ ਲਈ ਬੁਲਾਇਆ। 6 ਜੁਲਾਈ 1799 ਈਸਵੀ ਨੂੰ ਰਣਜੀਤ ਸਿੰਘ ਨੇ ਲਾਹੌਰੀ ਦਰਵਾਜ਼ੇ ਉੱਤੇ ਤੇ ਰਾਣੀ ਸਦਾ ਕੌਰ ਨੇ ਦਿੱਲੀ ਦਰਵਾਜ਼ੇ ਉੱਤੇ ਹਮਲਾ ਕਰ ਦਿੱਤਾ। ਉਨ੍ਹਾਂ ਦੀਆਂ ਫ਼ੌਜਾਂ ਪਹੁੰਚਣ ਉੱਪਰ ਦਰਵਾਜ਼ੇ ਦੇ ਪਹਿਰੇਦਾਰਾਂ ਦਰਵਾਜ਼ੇ ਖੋਲ੍ਹ ਦਿੱਤੇ। ਥੋੜ੍ਹੀ ਜਿਹੀ ਲੜਾਈ ਪਿਛੋਂ ਸ. ਮੋਹਰ ਸਿੰਘ ਤੇ ਸਾਹਿਬ ਸਿੰਘ ਆਪਣੀਆਂ ਫ਼ੌਜਾਂ ਲੈ ਕੇ ਸ਼ਹਿਰੋਂ ਬਾਹਰ ਚਲੇ ਗਏ। ਸ. ਚੇਤ ਸਿੰਘ ਨੇ ਕਿਲ੍ਹੇ ਵਿਚ ਪਨਾਹ ਲੈ ਲਈ। ਰਣਜੀਤ ਸਿੰਘ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ। ਰਾਣੀ ਸਦਾ ਕੌਰ ਨੇ ਸ. ਚੇਤ ਸਿੰਘ ਨੂੰ ਰਣਜੀਤ ਸਿੰਘ ਪਾਸੋਂ ਵਣੀਕੇ, ਗੁਜ਼ਾਰੇ ਲਈ ਜਾਗੀਰ ਲੈ ਦਿੱਤੀ। ਉਹ ਕਿਲ੍ਹਾ ਖ਼ਾਲੀ ਕਰ ਕੇ ਚਲਿਆ ਗਿਆ। 7 ਜੁਲਾਈ 1799 ਈਸਵੀ ਨੂੰ ਰਣਜੀਤ ਸਿੰਘ ਦਾ ਸ਼ਹਿਰ ਉੱਪਰ ਕਬਜ਼ਾ ਹੋ ਗਿਆ।


ਲਾਹੌਰ ਉਪਰ ਕਬਜ਼ਾ
Occupation of Lahore

# Occupation of Lahore

At the time of death of S. Mahan Singh, Ranjit Singh was only twelve. So Diwan Lakhpat Rai and Rani Raj Kaur, Ranjit Singh's mother handled the administration of his state. Whenever Ranjit Singh gave any suggestion regarding administration, they took it ill. They were never ready to listen to his suggestions. In 1796 AD, he was married to the daughter of Rani Sada Kaur. After that Rani Sada Kaur, too, started giving advice in administration of the state.

In 1796 AD, Rani Sada Kaur called Ranjit Singh for help in taking over the fort of Miani from Ramgarhia misl. Combined forces of both the states besieged the fort of Miani. The fort could not be taken even after a siege of six months. The siege had to be lifted due to flood in river Beas. During those six months, the Rani impressed upon Ranjit Singh how they could conquer the territory of other states if both the misls joined hands. The teaching of the Rani had a great effect on him.

On return from Miani in 1797 AD, Ranjit Singh took over the administration of his state in his own hands. Diwan Lakhpat Rai was killed by the landlords of Dhani area where he had gone to see standing crops to decide land revenue. After his death, Ranjit Singh appointed Sardar Dal Singh, a maternal uncle of his father as his diwan (minister). Rani Raj Kaur also died in 1798 AD. Ranjit Singh and Rani Sada Kaur started looking after the administration of both the states, jointly after that.

In order to teach a lesson to the Sikhs, Shah Zaman, the ruler of Kabul, attacked India for the fourth time in 1798 AD. He reached Lahore on 30th November. On his way, he was greatly harassed by the hit and run warfare of the Sikhs. Due to that fear, he stayed at Lahore. To put down a revolt in Kabul raised in his absence, he returned from Lahore on 8th January 1799 AD. After his leaving Lahore, the former three Bhangi chiefs namely Chet Singh, Sahib Singh and Mohar Singh returned to take over the city. Those chiefs did not pull on with each other as a result of which, the public faced difficulties. The prominent men of the city invited Ranjit Singh to take over the city and promised to help him in every way.

Having decided to annex Lahore, Ranjit Singh called Rani Sada Kaur for his help. On 6th July 1799 AD, Ranjit Singh attacked Lahori gate while Rani Sada Kaur mounted an attack on Delhi gate. On the arrival of their forces, the guardmen opened the gates. After a brief encounter, S. Mohar Singh and S. Sahib Singh left the city with their forces. S. Chet Singh took shelter in the fort. Ranjit Singh besieged the fort. Rani Sada Kaur got Ranjit Singh give Wanike estate to S. Chet Singh for his livelihood. He vacated the fort and went away. Whole of the city came under the rule of Ranjit Singh on 7th July 1799 AD.


ਪ੍ਰਜਾ ਰਾਜ ਦਾ ਸਿੱਕਾ
Minting the coin of
Sikh Commonweatlth

# ਖ਼ਾਲਸਾ ਰਾਜ ਦਾ ਸਿੱਕਾ ਢਾਲਣਾ

ਕਸੂਰ ਦਾ ਨਵਾਬ ਨਜ਼ਾਮੁੱਦੀਨ ਆਪ ਲਾਹੌਰ ਉੱਪਰ ਕਬਜ਼ਾ ਕਰਨ ਦੀਆਂ ਤਿਆਰੀਆਂ ਕਰ ਰਿਹਾ ਸੀ। ਰਣਜੀਤ ਸਿੰਘ ਨੇ ਉਸ ਨਾਲੋਂ ਪਹਿਲਾਂ ਭੰਗੀ ਸਰਦਾਰਾਂ ਨੂੰ ਕੱਢ ਕੇ ਲਾਹੌਰ ਸੰਭਾਲ ਲਿਆ ਸੀ ਜਿਸਦਾ ਉਸ ਨੂੰ ਬਹੁਤ ਅਫ਼ਸੋਸ ਹੋਇਆ। ਮਿਸਲਾਂ ਦੇ ਦੂਜੇ ਸਰਦਾਰਾਂ ਨੂੰ ਭੀ ਇਹ ਚੰਗਾ ਨਾ ਲਗਿਆ ਕਿ ਬਿਨਾਂ ਕਿਸੇ ਝਗੜੇ ਦੇ ਰਣਜੀਤ ਸਿੰਘ ਨੇ ਭੰਗੀ ਸਰਦਾਰਾਂ ਪਾਸੋਂ ਲਾਹੌਰ ਧੱਕੇ ਨਾਲ ਖੋਹ ਲਿਆ। ਨਜ਼ਾਮੁੱਦੀਨ ਦੀ ਪ੍ਰੇਰਨਾ ਨਾਲ ਗੁਲਾਬ ਸਿੰਘ ਭੰਗੀ, ਹਾਕਮ ਅੰਮ੍ਰਿਤਸਰ, ਸਾਹਿਬ ਸਿੰਘ ਭੰਗੀ, ਹਾਕਮ ਗੁਜਰਾਤ, ਜੋਧ ਸਿੰਘ ਹਾਕਮ ਵਜ਼ੀਰਾਬਾਦ ਤੇ ਜੋਧ ਸਿੰਘ ਰਾਮਗੜ੍ਹੀਆ ਆਪਣੀਆਂ ਫ਼ੌਜਾਂ ਲੈ ਕੇ ਅੰਮ੍ਰਿਤਸਰ ਦੇ ਨੇੜੇ ਰਣਜੀਤ ਸਿੰਘ ਪਾਸੋਂ ਲਾਹੌਰ ਛੁਡਾਉਣ ਲਈ 1800 ਈਸਵੀ ਦੇ ਸ਼ੁਰੂ ਵਿਚ ਇਕੱਠੇ ਹੋ ਗਏ। ਦੂਜੇ ਪਾਸੇ ਰਣਜੀਤ ਸਿੰਘ ਤੇ ਰਾਣੀ ਸਦਾ ਕੌਰ ਦੀਆਂ ਫ਼ੌਜਾਂ ਨੇ ਪਿੰਡ ਭਸੀਨ ਦੇ ਲਾਗੇ ਡੇਰੇ ਲਗਾ ਲਏ। ਮੋਰਚਿਆਂ ਵਿਚ ਬੈਠੀਆਂ ਫ਼ੌਜਾਂ ਦੋ ਮਹੀਨੇ ਇਕ ਦੂਜੇ ਪਾਸੇ ਤੋਂ ਹਮਲੇ ਦੀ ਉਡੀਕ ਕਰਦੀਆਂ ਰਹੀਆਂ। ਇਕ ਰਾਤ ਗੁਲਾਬ ਸਿੰਘ ਭੰਗੀ ਸਦਾ ਦੀ ਨੀਂਦ ਸੌਂ ਗਿਆ। ਉਸ ਪਿਛੋਂ ਲਾਹੌਰ ਲੈਣ ਆਏ ਸਰਦਾਰ ਬਿਨਾਂ ਲੜਾਈ ਕੀਤੇ ਆਪਣੇ ਇਲਾਕਿਆਂ ਨੂੰ ਮੁੜ ਗਏ।

ਭਸੀਨ ਦੀ ਲੜਾਈ ਵਿਚ ਜਿੱਤ ਪ੍ਰਾਪਤ ਹੋਣ ਪਿਛੋਂ ਰਾਣੀ ਸਦਾ ਕੌਰ ਨੇ ਰਣਜੀਤ ਸਿੰਘ ਨੂੰ ਮਿਆਣੀ ਦਾ ਕਿਲ੍ਹਾ ਲੈਣ ਲਈ ਫਿਰ ਬੁਲਾਇਆ। ਉਨ੍ਹਾਂ ਦੋਹਾਂ ਨੇ ਫ਼ਤਹਿ ਸਿੰਘ ਆਹਲੂਵਾਲੀਏ ਨੂੰ ਨਾਲ ਲੈ ਕੇ ਕਿਲ੍ਹੇ ਨੂੰ ਘੇਰਾ ਪਾ ਲਿਆ। ਇਸ ਵਾਰ ਸ. ਜੱਸਾ ਸਿੰਘ ਰਾਮਗੜ੍ਹੀਏ ਨੂੰ ਕਿਲ੍ਹਾ ਖ਼ਾਲੀ ਕਰਨਾ ਪਿਆ। ਰਾਣੀ ਸਦਾ ਕੌਰ ਨੂੰ ਕਿਲ੍ਹੇ ਦਾ ਕਬਜ਼ਾ ਦਿਵਾਉਣ ਪਿਛੋਂ ਰਣਜੀਤ ਸਿੰਘ ਲਾਹੌਰ ਆ ਗਿਆ।

ਲਾਹੌਰ ਦਾ ਪ੍ਰਬੰਧ ਠੀਕ ਕਰ ਕੇਂ ਰਣਜੀਤ ਸਿੰਘ ਨੇ ਜੰਮੂ ਵੱਲੋਂ ਇਲਾਕੇ ਦਾ ਦੌਰਾ ਸ਼ੁਰੂ ਕੀਤਾ। ਉਸ ਦੌਰੇ ਦਾ ਨਿਸ਼ਾਨਾ ਇਹ ਦੇਖਣਾ ਸੀ ਕਿ ਕਿਹੜਾ ਇਲਾਕਾ ਉਸ ਦੀ ਪ੍ਰਮੁੱਖਤਾ ਪ੍ਰਵਾਨ ਕਰਦਾ ਸੀ ਤੇ ਕਿਹੜਾ ਵਿਰੋਧੀ ਸੀ। ਰਸਤੇ ਵਿਚ ਪੈਂਦੇ ਮੀਰਵਾਲ ਤੇ ਨਾਰੋਵਾਲ ਪਾਸੋਂ ਨਜ਼ਰਾਨੇ ਲੈ ਕੇ ਰਣਜੀਤ ਸਿੰਘ ਜੰਮੂ ਵੱਲ ਵਧਿਆ ਤਾਂ ਜੰਮੂ ਦਾ ਰਾਜਾ ਨਜ਼ਰਾਨਾ ਲੈ ਕੇ ਰਸਤੇ ਵਿਚ ਆ ਮਿਲਿਆ। ਸਿਆਲਕੋਟ ਤੋਂ ਨਜ਼ਰਾਨਾ ਲੈ ਕੇ ਰਣਜੀਤ ਸਿੰਘ ਨੇ ਦਿਲਾਵਰਗੜ੍ਹ ਨੂੰ ਘੇਰਾ ਪਾ ਲਿਆ। ਕੇਸਰ ਸਿੰਘ ਸੋਢੀ ਦੀ ਮਦਦ ਲਈ ਜੋਧ ਸਿੰਘ ਵਜ਼ੀਰਾਬਾਦ ਦਾ ਹਾਕਮ ਪੁੱਜਿਆ ਪਰ ਲੜਾਈ ਸ਼ੁਰੂ ਹੋਣ ਉੱਪਰ ਨੱਸ ਗਿਆ। ਕੇਸਰ ਸਿੰਘ ਨੇ ਹਾਰ ਮੰਨ ਲਈ। ਰਣਜੀਤ ਸਿੰਘ ਨੇ ਦਿਲਾਵਰਗੜ੍ਹ ਆਪਣੇ ਰਾਜ ਨਾਲ ਮਿਲਾ ਲਿਆ ਤੇ ਉਸਨੂੰ ਸ਼ਾਹਦਰੇ ਜਾਗੀਰ ਦੇ ਦਿੱਤੀ। ਰਸਤੇ ਵਿਚ ਰਣਜੀਤ ਸਿੰਘ ਨੂੰ ਖ਼ਬਰ ਮਿਲੀ ਕਿ ਸਾਹਿਬ ਸਿੰਘ ਭੰਗੀ ਤੇ ਦਲ ਸਿੰਘ ਅਕਾਲ ਗੜ੍ਹ ਵਾਲਾ ਗੁਜਰਾਂਵਾਲੇ 'ਤੇ ਹਮਲਾ ਕਰਨ ਦੀਆਂ ਤਿਆਰੀਆਂ ਕਰ ਰਹੇ ਹਨ। ਰਣਜੀਤ ਸਿੰਘ ਨੇ ਦਲ ਸਿੰਘ ਨੂੰ ਲਾਹੌਰ ਬੁਲਾ ਕੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਤੇ ਆਪ ਗੁਜਰਾਤ 'ਤੇ ਚੜ੍ਹਾਈ ਕਰ ਦਿੱਤੀ। ਜਦੋਂ ਸਾਹਿਬ ਸਿੰਘ ਭੰਗੀ ਨੇ ਹਾਰ ਹੁੰਦੀ ਦੇਖੀ ਤਾਂ ਬਾਬਾ ਸਾਹਿਬ ਸਿੰਘ ਬੇਦੀ ਦੀ ਸਿਫ਼ਾਰਸ਼ ਨਾਲ ਸੁਲ੍ਹਾ ਕਰ ਲਈ। ਉਸ ਪਿਛੋਂ ਰਣਜੀਤ ਸਿੰਘ ਨੇ ਦਲ ਸਿੰਘ ਨੂੰ ਛਡ ਦਿੱਤਾ। ਉਹ ਅਕਾਲਗੜ੍ਹ ਪੁੱਜ ਕੇ ਸ਼ਰਮ ਨਾਲ ਮਰ ਗਿਆ। ਰਣਜੀਤ ਸਿੰਘ ਨੇ ਅਕਾਲਗੜ੍ਹ ਜ਼ਬਤ ਕਰ ਲਿਆ ਤੇ ਉਸਦੀ ਵਿਧਵਾ ਨੂੰ ਗੁਜ਼ਾਰੇ ਲਈ ਦੋ ਪਿੰਡ ਦੇ ਦਿੱਤੇ।

ਰਣਜੀਤ ਸਿੰਘ ਨੇ ਲਾਹੌਰ ਵਾਪਸ ਆਉਣ ਪਿਛੋਂ ਸ਼ਹਿਰ ਦੇ ਮੁਖੀਆਂ ਅਤੇ ਸਰਦਾਰਾਂ ਦੇ ਕਹਿਣ 'ਤੇ 13 ਅਪ੍ਰੈਲ 1801 ਈਸਵੀ ਨੂੰ ਵੈਸਾਖੀ ਵਾਲੇ ਦਿਨ ਇਕ ਵੱਡਾ ਦਰਬਾਰ ਕੀਤਾ। ਉਸ ਵਿਚ ਬਾਬਾ ਸਾਹਿਬ ਸਿੰਘ ਬੇਦੀ ਨੇ ਰਣਜੀਤ ਸਿੰਘ ਨੂੰ 'ਮਹਾਰਾਜਾ' ਦਾ ਤਿਲਕ ਲਗਾਇਆ ਤੇ ਉਸ ਦਿਨ ਖ਼ਾਲਸਾ ਰਾਜ ਦਾ ਸਿੱਕਾ ਢਾਲਿਆ ਗਿਆ ਜਿਸ ਉੱਪਰ ਫ਼ਾਰਸੀ ਵਿਚ ਇਕ ਪਾਸੇ—ਦੇਗ, ਤੇਗ, ਫਤਹ ਤੇ ਆਸਰਾ ਕਿਸੇ ਢਿੱਲ ਬਿਨਾਂ ਗੁਰੂ ਨਾਨਕ ਗੋਬਿੰਦ ਸਿੰਘ ਪਾਸੋਂ ਪ੍ਰਾਪਤ ਕੀਤੇ; ਅਤੇ ਦੂਜੇ ਪਾਸੇ—ਲਾਹੌਰ ਦੀ ਰਾਜਧਾਨੀ ਵਿਚ 1858 ਸੰਮਤ ਨੂੰ ਪ੍ਰਮਾਤਮਾ ਦੀ ਬਰਕਤ ਨਾਲ; ਲਿਖਿਆ ਹੋਇਆ ਸੀ।

# *Minting the Coin of Sikh Commonwealth*

Nazam-ud-Din, the Nawab of Kasoor was himself making preparation to annex Lahore. He was greatly upset when Ranjit Singh captured Lahore by driving out the Bhangi chiefs ahead of him. Chiefs of other misls also did not like the way Ranjit Singh had forcibly occupied Lahore from Bhangi chiefs without any quarrel. Motivated by Nazam-ud-Din, Gulab Singh Bhangi, ruler of Amritsar; Sahib Singh Bhangi, ruler of Gujrat; Jodh Singh, chief of Wazirabad and Jodh Singh Ramgarhia assembled with their forces near Amritsar in the beginning of 1800 AD to free Lahore of occupation of Ranjit Singh. On the other side, the forces of Ranjit Singh and Rani Sada Kaur encamped near village Bhasin. The forces remained in position for two months waiting for attack from other side. One night Gulab Singh Bhangi went to eternal sleep. After that, the chiefs who had come to take over Lahore returned to their territories without a battle.

After the victory in the battlefield of Bhasin, Rani Sada Kaur again called Ranjit Singh to take over the fort of Miani. Both of them along with Fateh Singh Ahluwalia surrounded the fort. This time S. Jassa Singh Ramgarhia had to vacate the fort. After helping Rani Sada Kaur to take possession of the fort, Ranjit Singh returned to Lahore.

After gearing up the administration of Lahore, Ranjit Singh started tour of the area from Jammu side. The purpose of the tour was to ascertain as to which area accepted his supremacy and which was against it. When he advanced towards Jammu after accepting presents from Mirwal and Narowal on his way, the ruler of Jammu came forward with presents. Sialkot also offered presents and then Ranjit Singh surrounded Dilawargarh. Jodh Singh, chief of Wazirabad came for the help of Kesar Singh Sodhi but fled on the start of fighting. Kesar Singh Sodhi accepted defeat. Ranjit Singh annexed Dilawargarh to his territory and gave him an estate at Shahdra. On his way, Ranjit Singh got the news that Sahib Singh Bhangi and Dal Singh of Akalgarh were making preparation to attack Gujranwala. Ranjit Singh called Dal Singh to Lahore and imprisoned him in the fort. He himself marched on Gujrat. When Sahib Singh Bhangi realised that defeat was certain, he made Sahib Singh Bedi to intervene on his behalf and made peace. Ranjit Singh set Dal Singh free after that. He died of shame soon after reaching Akalgarh. Ranjit Singh annexed Akalgarh and granted two villages to his widow for livelihood.

After returning to Lahore, Ranjit Singh held a grand court on Vaisakhi day, 13th April 1801 AD at the request of prominent persons of the city and chiefs. On this occasion Baba Sahib Singh Bedi proclaimed him 'Maharaja'. Coin of the Sikh Commonwealth was minted that day which bore inscriptions in Persian—"Victory be on food and war fronts and instant protection granted by Guru Nanak Guru Gobind Singh" on one side and on the other side—"In the capital of Lahore in 1858 Bikarmi with the blessings of God."

# ਮਿਸਲਾਂ ਦੇ ਸਰਦਾਰਾਂ ਨਾਲ ਸਮਝੌਤੇ

ਮਹਾਰਾਜਾ ਰਣਜੀਤ ਸਿੰਘ ਦੀ ਤੀਖਣ ਬੁੱਧੀ ਨੇ ਅਨੁਭਵ ਕੀਤਾ ਕਿ ਛੋਟੇ ਸਰਦਾਰਾਂ ਨੂੰ ਡੰਡੇ ਦੇ ਜ਼ੋਰ ਨਾਲ ਅਧੀਨ ਕੀਤਾ ਜਾ ਸਕਦਾ ਹੈ, ਪਰ ਸ਼ਕਤੀਸ਼ਾਲੀ ਮਿਸਲਾਂ ਦੇ ਸਰਦਾਰਾਂ ਨੂੰ ਪਿਆਰ ਨਾਲ ਆਪਣੇ ਨਿਸ਼ਾਨੇ ਦੇ ਸਾਥੀ ਬਣਾਉਣ ਵਿਚ ਹੀ ਚੰਗਿਆਈ ਹੈ ਜਿਸ ਨਾਲ ਉਨ੍ਹਾਂ ਦੇ ਰਾਜਸੀ ਗੁਣਾਂ ਦਾ ਤੇ ਫ਼ੌਜੀ ਸ਼ਕਤੀ ਦਾ ਲਾਹਾ ਲਿਆ ਜਾ ਸਕਦਾ ਹੈ। ਇਸ ਟੀਚੇ ਨੂੰ ਮੁੱਖ ਰੱਖ ਕੇ ਮਹਾਰਾਜੇ ਨੇ ਆਹਲੂਵਾਲੀਆ ਮਿਸਲ ਦੇ ਸਰਦਾਰ ਫ਼ਤਹ ਸਿੰਘ ਨੂੰ ਤਰਨ ਤਾਰਨ ਬੁਲਾ ਕੇ ਪੱਗ ਵਟਾ ਲਈ, ਤੇ ਇਕ ਦੂਜੇ ਦੇ ਭਾਈ ਬਣ ਗਏ। ਨਕਈ ਤੇ ਕਨ੍ਹਈਆ ਮਿਸਲਾਂ ਨਾਲ ਰਿਸ਼ਤੇ ਗੰਢ ਲਏ। 1803 ਈਸਵੀ ਵਿਚ ਸ. ਜੱਸਾ ਸਿੰਘ ਰਾਮਗੜ੍ਹੀਆ ਦੇ ਚਲਾਣੇ ਪਿਛੋਂ ਉਸ ਦਾ ਸਪੁੱਤਰ ਜੋਧ ਸਿੰਘ ਮਿਸਲ ਦਾ ਸਰਦਾਰ ਬਣਿਆ। ਮਹਾਰਾਜੇ ਨੇ ਉਸ ਨਾਲ ਮਿੱਤਰਤਾ ਕਰ ਲਈ ਤੇ ਉਸ ਨੂੰ ਸਤਿਕਾਰ ਵਜੋਂ 'ਬਾਬਾ ਜੀ' ਕਹਿਣ ਲੱਗਾ। ਇਸ ਤਰ੍ਹਾਂ ਸਿਖ ਮਿਸਲਾਂ ਦੇ ਵੱਡੇ ਸਰਦਾਰਾਂ ਵੱਲੋਂ ਉਸ ਦਾ ਸਾਰਾ ਡਰ ਖ਼ਤਮ ਹੋ ਗਿਆ। ਸਿਰਫ਼ ਉਨ੍ਹਾਂ ਦੇ ਇਲਾਕੇ ਖ਼ਾਲਸਾ ਰਾਜ ਨਾਲ ਮਿਲਾਉਣੇ ਬਾਕੀ ਰਹਿ ਗਏ।

ਮਹਾਰਾਜਾ ਜਿਥੇ ਸਿਖ ਸਰਦਾਰਾਂ ਤੇ ਪਹਾੜੀ ਰਾਜਿਆਂ ਦੇ ਇਲਾਕੇ ਨੂੰ ਖ਼ਾਲਸਾ ਰਾਜ ਨਾਲ ਮਿਲਾ ਰਿਹਾ ਸੀ ਉਥੇ ਉਹ ਪਠਾਣਾਂ ਦੀਆਂ ਰਿਆਸਤਾਂ ਵੱਲ ਵੀ ਧਿਆਨ ਦੇ ਰਿਹਾ ਸੀ। ਕਸੂਰ ਨੂੰ ਆਪਣੇ ਅਧੀਨ ਕਰਨ ਪਿਛੋਂ ਉਸ ਨੇ 1803 ਈਸਵੀ ਵਿਚ ਮੁਲਤਾਨ 'ਤੇ ਚੜ੍ਹਾਈ ਕਰ ਦਿੱਤੀ। ਨਵਾਬ ਮੁਜ਼ੱਫਰ ਖ਼ਾਨ ਨਜ਼ਰਾਨਾ ਲੈ ਕੇ ਮੁਲਤਾਨ ਤੋਂ ਬਾਹਰ ਆ ਕੇ ਮਹਾਰਾਜੇ ਨੂੰ ਮਿਲਿਆ ਤੇ ਖ਼ਾਲਸਾ ਰਾਜ ਦੀ ਪ੍ਰਮੁੱਖਤਾ ਪ੍ਰਵਾਨ ਕਰ ਲਈ। ਮਹਾਰਾਜੇ ਨੇ ਉਸ ਨੂੰ ਖ਼ਾਲਸਾ ਰਾਜ ਵਲੋਂ ਮੁਲਤਾਨ ਦਾ ਸੂਬੇਦਾਰ ਥਾਪ ਦਿੱਤਾ। ਉਸ ਨੇ ਹਰ ਸਾਲ ਨਿਸਚਿਤ ਕੀਤਾ ਖ਼ਰਾਜ ਖ਼ਾਲਸਾ ਰਾਜ ਨੂੰ ਦੇਣ ਦਾ ਪ੍ਰਣ ਕੀਤਾ। ਮੁਲਤਾਨ ਤੋਂ ਵਾਪਸ ਮੁੜਨ ਲੱਗੇ ਮਹਾਰਾਜੇ ਨੇ ਹਰਿਦੁਆਰ ਵਾਲਾ ਰਸਤਾ ਅਪਣਾਇਆ ਤਾਂ ਜੁ ਉਹ ਰਸਤੇ ਵਿਚ ਪੈਂਦੇ ਸਰਦਾਰਾਂ ਪਾਸੋਂ ਨਜ਼ਰਾਨੇ ਉਗਰਾਂਹਦਾ ਜਾਵੇ। ਮਹਾਰਾਜੇ ਤੋਂ ਡਰਦਾ ਹਰ ਸਰਦਾਰ ਨਜ਼ਰਾਨਾ ਲੈ ਕੇ ਉਸ ਦੇ ਪੁੱਜਣ ਤੋਂ ਪਹਿਲਾਂ ਰਸਤੇ ਵਿਚ ਜਾ ਖੜਾ ਹੁੰਦਾ।

ਮਹਾਰਾਜਾ ਜਦੋਂ ਫਗਵਾੜੇ ਪੁੱਜਿਆ ਤਾਂ ਉਸਨੇ ਦੇਖਿਆ ਕਿ ਚੂਹੜ ਮਲ ਦੀ ਵਿਧਵਾ ਚਤਰੀ ਸਾਰਾ ਫਗਵਾੜਾ ਸਾਂਭੀ ਬੈਠੀ ਸੀ। ਮਹਾਰਾਜੇ ਨੇ ਚਤਰੀ ਨੂੰ ਚੋਖਾ ਧਨ ਦੇ ਕੇ ਹਰਿਦੁਆਰ ਭੇਜ ਦਿੱਤਾ ਤਾਂ ਜੁ ਉਹ ਆਪਣੀ ਬਾਕੀ ਦੀ ਉਮਰ ਭਜਨ ਬੰਦਗੀ ਵਿਚ ਆਰਾਮ ਨਾਲ ਗੁਜ਼ਾਰ ਲਵੇ ਤੇ ਫਗਵਾੜਾ ਸ. ਫਤਹ ਸਿੰਘ ਨੂੰ ਸੌਂਪ ਦਿੱਤਾ। ਮਹਾਰਾਜਾ ਜਦੋਂ ਜਲੰਧਰ ਆਇਆ ਤਾਂ ਖ਼ਬਰ ਮਿਲੀ ਕਿ ਸੰਸਾਰ ਚੰਦ ਉਨ੍ਹਾਂ ਦੇ ਪੁੱਜਣ ਤੋਂ ਪਹਿਲਾਂ ਬਜਵਾੜੇ ਤੇ ਹੁਸ਼ਿਆਰਪੁਰ ਦੇ ਆਸੇ ਪਾਸੇ ਲੁਟ ਮਾਰ ਕਰ ਰਿਹਾ ਸੀ। ਮਹਾਰਾਜੇ ਨੇ ਅੱਗੇ ਲਈ ਬਜਵਾੜੇ ਤੇ ਹੁਸ਼ਿਆਰਪੁਰ ਨੂੰ ਲੁਟ ਮਾਰ ਤੋਂ ਬਚਾਉਣ ਲਈ ਖ਼ਾਲਸਾ ਰਾਜ ਨਾਲ ਮਿਲਾ ਲਿਆ। ਸ. ਭਾਗ ਸਿੰਘ ਲਾਵਾਰਿਸ ਮਰ ਗਿਆ ਸੀ। ਉਸ ਦੀ ਸਾਰੀ ਜਾਗੀਰ ਰਾਣੀ ਸਦਾ ਕੌਰ ਨੂੰ ਸੌਂਪ ਦਿੱਤੀ। ਇਸ ਤਰ੍ਹਾਂ ਮਹਾਰਾਜਾ ਰਸਤੇ ਦੇ ਇਲਾਕੇ ਦੇ ਪ੍ਰਬੰਧ ਠੀਕ ਕਰਦਾ ਲਾਹੌਰ ਪੁੱਜਿਆ।

ਸ. ਸਾਹਿਬ ਸਿੰਘ ਭੰਗੀ ਦੀ ਵਿਧਵਾ ਮਾਈ ਸੁੱਖਾਂ ਪਾਸ ਜ਼ਮਜ਼ਮਾ ਤੋਪ ਸੀ ਜਿਸ ਨੂੰ ਅਹਿਮਦ ਸ਼ਾਹ ਅਬਦਾਲੀ ਦੇ ਹੁਕਮ ਨਾਲ ਲਾਹੌਰ ਵਿਚ 1761 ਈਸਵੀ ਵਿਚ ਢਾਲਿਆ ਗਿਆ ਸੀ। ਉਸ ਲਈ ਪਿੱਤਲ ਤੇ ਤਾਂਬਾ ਲਾਹੌਰ ਤੇ ਉਸਦੇ ਨਾਲ ਲਗਦੇ ਪਿੰਡਾਂ ਦੇ ਹਿੰਦੂਆਂ ਦੇ ਘਰਾਂ ਵਿਚੋਂ ਧੱਕੇ ਨਾਲ ਭਾਂਡੇ ਖੋਹ ਕੇ ਇਕੱਠਾ ਕੀਤਾ ਗਿਆ ਸੀ। 1773 ਈਸਵੀ ਤੋਂ ਉਹ ਤੋਪ ਭੰਗੀਆਂ ਦੇ ਕਬਜ਼ੇ ਵਿਚ ਅੰਮ੍ਰਿਤਸਰ ਦੇ ਕਿਲ੍ਹੇ ਵਿਚ ਰੱਖੀ ਹੋਈ ਸੀ। ਮਹਾਰਾਜੇ ਨੇ ਮਾਈ ਸੁੱਖਾਂ ਪਾਸੋਂ ਉਹ ਤੋਪ ਮੰਗੀ। ਮਾਈ ਸੁੱਖਾਂ ਨੇ ਤੋਪ ਦੇਣ ਤੋਂ ਨਾਂਹ ਕਰ ਦਿੱਤੀ। ਮਹਾਰਾਜੇ ਨੇ ਮਾਰਚ 1804 ਵਿਚ ਅੰਮ੍ਰਿਤਸਰ ਉੱਪਰ ਚੜ੍ਹਾਈ ਕਰ ਦਿੱਤੀ। ਦੋ ਘੰਟੇ ਦੀ ਲੜਾਈ ਪਿਛੋਂ ਅਕਾਲੀ ਫੂਲਾ ਸਿੰਘ ਤੇ ਸ. ਜੋਧ ਸਿੰਘ ਰਾਮਗੜ੍ਹੀਆ ਨੇ ਸ਼ਹਿਰ ਦੀ ਤਬਾਹੀ ਹੁੰਦੀ ਦੇਖ ਕੇ ਦੋਹਾਂ ਧਿਰਾਂ ਵਿਚ ਰਾਜ਼ੀਨਾਮਾ ਕਰਵਾ ਦਿੱਤਾ। ਮਹਾਰਾਜੇ ਨੇ ਮਾਈ ਸੁੱਖਾਂ ਤੇ ਉਸ ਦੇ ਪੁੱਤਰ ਨੂੰ ਗੁਜ਼ਾਰੇ ਲਈ ਜਾਗੀਰ ਦੇ ਦਿੱਤੀ ਤੇ ਉਨ੍ਹਾਂ ਦਾ ਇਲਾਕਾ ਖ਼ਾਲਸਾ ਰਾਜ ਨਾਲ ਮਿਲਾ ਲਿਆ। ਮਹਾਰਾਜਾ ਭੰਗੀਆਂ ਦੀ ਤੋਪ ਮਿਲਣ 'ਤੇ ਬਹੁਤ ਖ਼ੁਸ਼ ਹੋਇਆ। ਇਹ ਤੋਪ ਉਸ ਦੀਆਂ ਪਹਿਲੀਆਂ ਤੋਪਾਂ ਨਾਲੋਂ ਵੱਡੀ ਸੀ।

# ਮਿਸਲਾਂ ਦੇ ਸਰਦਾਰਾਂ ਨਾਲ ਸਮਝੌਤੇ




**Settlements with the Misls' Sardars**

# *Settlements with the Misls' Sardars*

Ranjit Singh's sharp brain realised that small chiefs can be subjugated by force but it is wise to win over the chiefs of powerful misls with love and use their political wisdom and military force to fulfil his aim. Keeping this in view, the Maharaja called Fateh Singh,chief of Ahluwalia misl to Tarn Taran and exchanged turbans with him as a token of becoming brothers. He won over the Nakai and Kanahiya misls by relationship. In 1803 AD, after the death of S. Jassa Singh Ramgarhia, his son Jodh Singh became the chief of the misl. The Maharaja established friendship with him and started calling him Baba Ji as a mark of respect. In this way, he became free from anxiety on account of big Sikh misls. Only the annexation of areas under their control to the Khalsa Raj remained.

While on one hand, the Maharaja was annexing the areas under the control of Sikh chiefs and hill rajas with the Khalsa Raj, on the other he was also paying attention to Pathan states. After bringing Kasoor under his rule, he marched on Multan in 1803 AD. Nawab Muzzaffar Khan came out of the city with presents to welcome the Maharaja and accept his supremacy. The Maharaja appointed him the governor of Multan on behalf of Khalsa Raj. He promised to pay a fixed tribute to the Khalsa Raj every year. The Maharaja adopted a route through Hardwar on his way back so that he may collect presents from chiefs on the way. For fear of the Maharaja, every chief would come forward and stand in his way with his presents.

When the Maharaja reached Phagwara, he noted that Chatri, the widow of Chuhar Mal had usurped the whole of Phagwara. The Maharaja gave plenty of wealth to Chatri and sent her to Haridwar so that she might spend the rest of her life in prayer and reading of scriptures. He entrusted the administration of Phagwara to S. Fateh Singh. When the Maharaja came to Jalandhar, he came to know that Raja Sansar Chand was indulging in loot of the area around Bijwara and Hoshiarpur before his arrival. To save the area from loot in future, he annexed Bijwara and Hoshiarpur to the Khalsa Raj. S. Bhag Singh had died issueless. All his state was handed over to Rani Sada Kaur. Setting the administration of the area right in this manner on his way, the Maharaja returned to Lahore.

Mai Sukhan, the widow of S. Sahib Singh Bhangi owned a gun named Zamzama which had been moulded at Lahore in 1761 AD on orders of Ahmad Shah Abdali. Copper and brass for that gun had been obtained, by forcibly taking utensils from the homes of Hindus of Lahore and the surrounding villages. From 1773 AD onwards, that gun had been lying in Amritsar fort in possession of the Bhangis. The Maharaja asked Mai Sukhan to give him the gun. Mai Sukhan refused. The Maharaja attacked Amritsar in March 1804 AD. Seeing the destruction of the city, Akali Phoola Singh and S. Jodh Singh Ramgarhia brought about an agreement between the two sides after two hours of fighting. The Maharaja gave an estate to Mai Sukhan and her son for livelihood and annexed their area with the Khalsa Raj. The Maharaja was greatly pleased to get the Bhangi's gun. This gun was bigger than those guns he already had.


Fate of Territory
South of Sutlej
ਸਤਲੁਜ ਦੇ ਦੱਖਣ ਜੋ ਬੀਤੀ

# ਸਤਲੁਜ ਦੇ ਦੱਖਣ ਜੋ ਬੀਤੀ

ਦਰਿਆ ਸਤਲੁਜ ਦੇ ਦੱਖਣ ਵੱਲ ਦਾ ਬਹੁਤ ਸਾਰਾ ਇਲਾਕਾ ਸਿਖ ਮਿਸਲਾਂ ਤੇ ਸਰਦਾਰਾਂ ਦੇ ਅਧੀਨ ਸੀ। ਮਹਾਰਾਜਾ ਰਣਜੀਤ ਸਿੰਘ ਉਸ ਨੂੰ ਹੌਲੀ ਹੌਲੀ ਖ਼ਾਲਸਾ ਰਾਜ ਨਾਲ ਮਿਲਾ ਰਿਹਾ ਸੀ। 1806 ਈਸਵੀ ਵਿਚ ਰਾਜਾ ਸਾਹਿਬ ਸਿੰਘ ਪਟਿਆਲਾ ਤੇ ਰਾਜਾ ਜਸਵੰਤ ਸਿੰਘ ਨਾਭਾ ਵਿਚ ਡੋਲਾਧੀ ਪਿੰਡ ਪਿਛੇ ਝਗੜਾ ਪੈ ਗਿਆ। ਉਨ੍ਹਾਂ ਨੇ ਫ਼ੈਸਲੇ ਲਈ ਮਹਾਰਾਜਾ ਰਣਜੀਤ ਸਿੰਘ ਨੂੰ ਬੁਲਾ ਲਿਆ। ਉਹ 28 ਜੁਲਾਈ 1806 ਈਸਵੀ ਨੂੰ ਝਗੜੇ ਵਾਲੀ ਥਾਂ ਪੁੱਜ ਗਿਆ। ਉਸ ਨੇ ਸਾਰੀ ਗੱਲ ਬਾਤ ਸੁਣ ਕੇ ਡੋਲਾਧੀ ਪਿੰਡ ਪਟਿਆਲੇ ਦੇ ਰਾਜੇ ਨੂੰ ਦੇ ਦਿੱਤਾ ਤੇ ਆਪ ਲਾਹੌਰ ਨੂੰ ਚਲ ਪਿਆ। ਰਸਤੇ ਵਿਚ ਆਉਂਦੇ ਕਸਬੇ ਕੋਟ ਬਸੀਆਂ, ਤਲਵੰਡੀ ਤੇ ਜਗਰਾਉਂ ਤੇ ਹੋਰ 38 ਪਿੰਡ ਫ਼ਤਹਿ ਕਰ ਕੇ ਨਾਭੇ ਦੇ ਰਾਜੇ ਨੂੰ ਸੌਂਪ ਦਿੱਤੇ। ਲੁਧਿਆਣਾ ਫ਼ਤਹਿ ਕਰ ਕੇ ਰਾਜਾ ਜੀਂਦ ਨੂੰ ਦੇ ਦਿੱਤਾ। ਬਹੁਤ ਸਾਰਾ ਹੋਰ ਇਲਾਕਾ ਫ਼ਤਹਿ ਕਰ ਕੇ ਸ. ਫ਼ਤਹ ਸਿੰਘ ਆਹਲੂਵਾਲੀਆ ਤੇ ਜਰਨੈਲ ਮੋਹਕਮ ਚੰਦ ਨੂੰ ਦੇ ਦਿੱਤਾ।

1807 ਈਸਵੀ ਵਿਚ ਪਟਿਆਲੇ ਦੇ ਰਾਜੇ ਸਾਹਿਬ ਸਿੰਘ ਦੀ ਰਾਣੀ ਆਸ ਕੌਰ ਨੇ ਆਪਣੇ ਪੁੱਤਰ ਕਰਮ ਸਿੰਘ ਲਈ ਜਾਗੀਰ ਮੰਗੀ। ਰਾਜੇ ਨੇ ਨਾਂਹ ਕਰ ਦਿੱਤੀ ਤਾਂ ਰਾਣੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸੱਦਾ ਭੇਜ ਦਿੱਤਾ। ਮਹਾਰਾਜੇ ਦੇ ਪੁੱਜਣ ਤੋਂ ਪਹਿਲਾਂ ਰਾਜੇ ਨੇ ਪੰਜਾਹ ਹਜ਼ਾਰ ਦੀ ਜਾਗੀਰ ਪੁੱਤਰ ਦੇ ਨਾਮ ਲਗਾ ਦਿੱਤੀ। ਮਹਾਰਾਜਾ ਸਤੰਬਰ 1807 ਈਸਵੀ ਨੂੰ ਪਟਿਆਲੇ ਪਹੁੰਚ ਗਿਆ। ਰਾਣੀ ਨੇ ਆਪਣੇ ਬਚਨਾਂ ਅਨੁਸਾਰ ਮਹਾਰਾਜੇ ਨੂੰ ਇਕ ਤੋਪ ਤੇ ਇਕ ਮੋਤੀਆਂ ਦੀ ਮਾਲਾ ਭੇਟ ਕੀਤੀ। ਪਟਿਆਲੇ ਤੋਂ ਮੁੜਦੇ ਹੋਏ ਮਹਾਰਾਜੇ ਨੇ ਅੰਬਾਲੇ ਦੇ ਹਾਕਮ ਪਾਸੋਂ ਨਜ਼ਰਾਨਾ ਵਸੂਲ ਕੀਤਾ, ਨਰਾਇਣਗੜ੍ਹ ਉੱਪਰ ਕਬਜ਼ਾ ਕਰ ਲਿਆ ਤੇ ਹੋਰ ਰਸਤੇ ਵਿਚ ਆਉਂਦੇ ਸਰਦਾਰਾਂ ਪਾਸੋਂ ਖ਼ਰਾਜ ਉਗਰਾਹੇ। ਡਲੇ ਵਾਲੀ ਮਿਸਲ ਦਾ ਸਰਦਾਰ ਤਾਰਾ ਸਿੰਘ ਸੁਰਗਵਾਸ ਕਰ ਗਿਆ ਸੀ। ਮਹਾਰਾਜੇ ਨੇ ਉਸਦਾ ਇਲਾਕਾ ਰਾਹੋਂ, ਨਕੋਦਰ, ਨੌਸ਼ਹਿਰਾ ਆਦਿ ਖ਼ਾਲਸਾ ਰਾਜ ਨਾਲ ਮਿਲਾ ਲਏ ਤੇ ਉਸਦੇ ਵਾਰਸਾਂ ਨੂੰ ਜਾਗੀਰ ਦੇ ਦਿੱਤੀ। ਮਹਾਰਾਜਾ ਇਸ ਤਰ੍ਹਾਂ ਦਸੰਬਰ 1807 ਈਸਵੀ ਵਿਚ ਲਾਹੌਰ ਪੁਜਿਆ।

ਸਤਲੁਜ ਦੇ ਦੱਖਣੀ ਇਲਾਕੇ ਦੇ ਰਾਜਿਆਂ ਨੇ ਸਲਾਹ ਕਰ ਕੇ ਮਾਰਚ 1808 ਈਸਵੀ ਵਿਚ ਰਾਜਾ ਜੀਂਦ, ਰਾਜਾ ਕੈਥਲ ਤੇ ਦੀਵਾਨ ਪਟਿਆਲਾ ਨੂੰ ਮਿਸਟਰ ਸੀਟਨ ਰੈਜ਼ੀਡੈਂਟ ਦਿੱਲੀ ਪਾਸ ਭੇਜਿਆ। ਉਨ੍ਹਾਂ ਨੇ ਰੈਜ਼ੀਡੈਂਟ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਅੰਗ੍ਰੇਜ਼ ਆਪਣੀ ਰਾਖੀ ਵਿਚ ਲੈ ਲੈਣ, ਕਿਉਂਕਿ ਉਹ ਮਹਾਰਾਜਾ ਰਣਜੀਤ ਸਿੰਘ ਦੀ ਹਰ ਰੋਜ਼ ਦੀ ਲੁੱਟ ਤੋਂ ਤੰਗ ਆ ਗਏ ਸਨ। ਰੈਜ਼ੀਡੈਂਟ ਨੇ ਅਰਜ਼ੀ ਲੈ ਲਈ ਪਰ ਕੋਈ ਉੱਤਰ ਨਾ ਦਿੱਤਾ ਕਿਉਂਕਿ ਉਨ੍ਹਾਂ ਦਿਨਾਂ ਵਿਚ ਅੰਗ੍ਰੇਜ਼ਾਂ ਨੂੰ ਫ਼ਰਾਂਸ ਵੱਲੋਂ ਹਮਲੇ ਦਾ ਡਰ ਸੀ, ਇਸ ਲਈ ਉਹ ਮਹਾਰਾਜੇ ਨਾਲ ਵਿਗਾੜਨਾ ਨਹੀਂ ਚਾਹੁੰਦੇ ਸਨ। ਜਦੋਂ ਮਹਾਰਾਜੇ ਨੂੰ ਰਾਜਿਆਂ ਦੇ ਦਿੱਲੀ ਜਾਣ ਦਾ ਪਤਾ ਚਲਿਆ ਤਾਂ ਉਸ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਬੁਲਾ ਕੇ ਸਮਝਾਇਆ। ਉਨ੍ਹਾਂ ਨੂੰ ਮਹਾਰਾਜੇ ਦੀ ਗੱਲਬਾਤ ਉੱਪਰ ਯਕੀਨ ਨਾ ਆਇਆ। ਮਿਸਟਰ ਮੈਟਕਾਫ ਰਾਜਦੂਤ ਜਦੋਂ ਪੰਜਾਬ ਨੂੰ ਆਉਂਦਾ ਹੋਇਆ 22 ਅਗਸਤ 1808 ਈਸਵੀ ਨੂੰ ਪਟਿਆਲੇ ਰੁਕਿਆ ਤਾਂ ਉਸ ਸਮੇਂ ਰਾਜਿਆ ਨੇ ਉਸਨੂੰ ਫਿਰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਆਪਣੀ ਰਾਖੀ ਵਿਚ ਲੈ ਲਿਆ ਜਾਵੇ। ਮਿਸਟਰ ਮੈਟਕਾਫ਼ ਨੇ ਉਨ੍ਹਾਂ ਨੂੰ ਪੂਰਾ ਭਰੋਸਾ ਦਿੱਤਾ।

11 ਸਤੰਬਰ 1808 ਈਸਵੀ ਨੂੰ ਮਿ. ਮੈਟਕਾਫ਼ ਮਹਾਰਾਜੇ ਨੂੰ ਕਸੂਰ ਦੇ ਨੇੜੇ ਅੰਗ੍ਰੇਜ਼ਾਂ ਵੱਲੋਂ ਮਿੱਤਰਤਾ ਦੀ ਸੰਧੀ ਲੈ ਕੇ ਮਿਲਿਆ। ਮਹਾਰਾਜੇ ਵੱਲੋਂ ਰੱਖੀਆਂ ਦੋ ਸ਼ਰਤਾਂ ਕਾਰਨ ਉਸ ਦਾ ਫ਼ੈਸਲਾ ਅੱਗੇ ਪੈ ਗਿਆ। ਮਹਾਰਾਜੇ ਨੇ ਉਸ ਨੂੰ ਅੰਮ੍ਰਿਤਸਰ ਵੱਲ ਵਿਦਾ ਕਰਨ ਪਿਛੋਂ ਸਤਲੁਜ ਦੇ ਦੱਖਣੀ ਪਾਸੇ ਦੇ ਇਲਾਕੇ ਉੱਪਰ ਅਧਿਕਾਰ ਪੱਕਾ ਕਰਨ ਲਈ ਕਸੂਰ ਤੋਂ ਮੁੜਦੇ ਹੋਏ ਫ਼ੀਰੋਜ਼ਪੁਰ, ਮਲੇਰਕੋਟਲਾ ਤੇ ਥਾਨੇਸਰ ਤੋਂ ਨਜ਼ਰਾਨੇ ਲਏ, ਫ਼ਰੀਦਕੋਟ, ਅੰਬਾਲਾ, ਖੰਨਾ ਆਦਿ ਉੱਪਰ ਕਬਜ਼ਾ ਕਰ ਲਿਆ। ਨਵੀਆਂ ਸ਼ਰਤਾਂ ਦੀ ਮਨਜ਼ੂਰੀ ਦਿੱਤੀ ਨਹੀਂ ਸੀ ਕਿ ਫਰਾਂਸ ਵਲੋਂ ਹਮਲੇ ਦਾ ਖ਼ਤਰਾ ਹਟ ਗਿਆ। ਅੰਗ੍ਰੇਜ਼ਾਂ ਨੂੰ ਮਹਾਰਾਜੇ ਦੀ ਮਿੱਤਰਤਾ ਦੀ ਲੋੜ ਨਾ ਰਹੀ। ਉਨ੍ਹਾਂ ਨੇ ਮਾਰਚ 1808 ਈਸਵੀ ਵਾਲੀ ਰਾਜਿਆਂ ਦੀ ਅਰਜ਼ੀ ਪ੍ਰਵਾਨ ਕਰ ਕੇ ਸਤਲੁਜ ਤਕ ਦਾ ਇਲਾਕਾ ਆਪਣੀ ਰਾਖੀ ਵਿਚ ਲੈ ਲਿਆ ਤੇ ਮਹਾਰਾਜੇ ਨੂੰ ਸਤਲੁਜ ਦਾ ਦੱਖਣੀ ਇਲਾਕਾ ਛੱਡਣ ਲਈ ਮਜਬੂਰ ਕਰ ਦਿੱਤਾ।

# *Fate of Territory South of Sutlej*

A large area south of Sutlej was under the control of Sikh misls and chiefs. Maharaja Ranjit Singh was annexing it with the Khalsa Raj little by little. In 1806 AD, a dispute arose between Raja Sahib Singh of Patiala and Raja Jaswant Singh of Nabha for a village named Doladhi. They called Maharaja Ranjit Singh for a decision. He reached the place under dispute on 28th July 1806 AD. After hearing the two sides, he gave the village Doladhi to the Raja of Patiala and started back to Lahore. He captured the towns of Kot Basian, Talwandi and Jagraon along with thirty-eight villages falling in the way and handed them over to the Raja of Nabha, took over Ludhiana and gave it to the Raja of Jind. He captured large area besides this and gave it to S. Fateh Singh Ahluwalia and general Mohkam Chand.

In 1807 AD, Rani Aas Kaur wife of Raja Sahib Singh of Patiala asked for an estate for her son, Karam Singh. When the Raja refused, the Rani called Maharaja Ranjit Singh for intervention. The Raja granted an estate worth fifty thousands to his son before the arrival of the Maharaja. The Maharaja reached Patiala in September 1807 AD. The Rani presented him a gun and a garland of pearls as promised. On his way back from Patiala, the Maharaja collected presents from the ruler of Ambala, captured Narain Garh and collected tribute from other chiefs. The chief of Dallewalı misl, S. Tara Singh had died. The Maharaja annexed the area under him consisting of Rahon, Nakodar and Naushehra etc. with the Khalsa Raj and granted estate to his successors. In this way the Maharaja reached Lahore in December 1807 AD.

The Rajas of the area south of Sutlej held consultations among themselves and sent Raja of Jind, Raja of Kaithal and Diwan of Patiala to Mr. Siton, the British resident at Delhi in March 1808 AD. They requested him to take them under their protection as they were tired of the frequent loot of Maharaja Ranjit Singh. The resident took the application but gave no reply as there was a danger of French attack on British territories. As such they did not want to spoil relations with the Maharaja. When the Maharaja came to know of the visit of the Rajas to Delhi, he called them to Amritsar and advised them. They did not believe what the Maharaja had said to them. When Mr. Metcalfe, the ambassador, had stopped at Patiala on 22nd August 1808 AD on his way to Punjab, the Rajas had again requested him to take them under their protection. Mr. Metcalfe fully assured them.

Mr. Metcalfe met the Maharaja near Kasoor on 11th September 1808 AD with a draft treaty of friendship with the British. Due to two conditions put up by the Maharaja, its decision was put forward. After seeing him off to Amritsar, to consolidate his authority over the area south of Sutlej, the Maharaja on his journey back from Kasoor realised tributes from Ferozepur, Malerkotla and Thanesar annexed Faridkot, Ambla and Khanna etc. Approval for the new conditions had not yet been granted when the danger of attack from France passed off. The British were in no need of friendship with the Maharaja. They accepted the March 1808 application of the Rajas, took the area up to Sutlej under their protection.

# ਅੰਮ੍ਰਿਤਸਰ ਦੀ ਸੰਧੀ

1806 ਈਸਵੀ ਵਿਚ ਈਰਾਨ ਨੇ ਰੂਸ਼ ਪਾਸੋਂ ਹਾਰ ਖਾ ਜਾਣ ਪਿਛੋਂ ਫ਼ਰਾਂਸ ਨਾਲ ਸੰਧੀ ਕਰ ਲਈ। 1807 ਈਸਵੀ ਵਿਚ ਫ਼ਰਾਂਸ ਨੇ ਰੂਸ ਤੇ ਟਰਕੀ ਆਦਿ ਨਾਲ ਭੀ ਸਮਝੌਤੇ ਕਰ ਲਏ। ਫ਼ਰਾਂਸ ਦੇ ਇਨ੍ਹਾਂ ਸਮਝੌਤਿਆਂ ਤੇ ਸੰਧੀਆਂ ਨੇ ਅੰਗ੍ਰੇਜ਼ ਸਰਕਾਰ ਨੂੰ ਬਹੁਤ ਫ਼ਿਕਰਾਂ ਵਿਚ ਪਾ ਦਿੱਤਾ। ਉਨ੍ਹਾਂ ਨੂੰ ਡਰ ਲੱਗਣ ਲੱਗ ਗਿਆ ਕਿ ਕਿਤੇ ਫ਼ਰਾਂਸ ਤੇ ਰੂਸ ਮਿਲ ਕੇ ਅਫ਼ਗਾਨਿਸਤਾਨ ਤੇ ਪੰਜਾਬ ਉੱਪਰ ਹਮਲਾ ਨਾ ਕਰ ਦੇਣ। ਪੰਜਾਬ ਨਾਲ ਮਿੱਤਰਤਾ ਦੀ ਸੰਧੀ ਗੰਢਣ ਲਈ ਲਾਰਡ ਮਿੰਟੋ ਗਵਰਨਰ ਜਨਰਲ ਹਿੰਦੁਸਤਾਨ ਨੇ, ਸਰ ਚਾਰਲਸ ਮੈਟਕਾਫ਼ ਨੂੰ ਰਾਜਦੂਤ ਬਣਾ ਕੇ ਲਾਹੌਰ ਮਹਾਰਾਜਾ ਰਣਜੀਤ ਸਿੰਘ ਪਾਸ ਭੇਜਿਆ।


ਮਿਸਟਰ ਮੈਟਕਾਫ਼ 11 ਸਤੰਬਰ 1808 ਈਸਵੀ ਨੂੰ ਮਹਾਰਾਜੇ ਨੂੰ ਕਸੂਰ ਦੇ ਨੇੜੇ ਮਿਲਿਆ। ਫ਼ਰਾਂਸ ਤੇ ਰੂਸ ਦੀਆਂ ਸੰਧੀਆਂ ਦੇ ਸੰਬੰਧ ਵਿਚ ਗੱਲ ਬਾਤ ਕਰਨ ਪਿਛੋਂ ਉਸ ਨੇ ਮਿੱਤਰਤਾ ਦੀ ਸੰਧੀ ਮਹਾਰਾਜੇ ਨੂੰ ਪੇਸ਼ ਕੀਤੀ ਜਿਸ ਦੀਆਂ ਤਿੰਨ ਸ਼ਰਤਾਂ ਸਨ—1. ਜੇ ਫ਼ਰਾਂਸ ਹਿੰਦੁਸਤਾਨ ਉੱਪਰ ਹਮਲਾ ਕਰੇ ਤਾਂ ਅਸੀਂ ਦੋਵੇਂ ਮਿਲ ਕੇ ਉਸ ਦਾ ਟਾਕਰਾ ਕਰਾਂਗੇ। 2. ਜੇ ਵੈਰੀ ਦੇ ਟਾਕਰੇ ਲਈ ਅੰਗ੍ਰੇਜ਼ੀ ਫ਼ੌਜ ਨੂੰ ਅਟਕ ਜਾਂ ਅਫ਼ਗਾਨਿਸਤਾਨ ਜਾਣ ਦੀ ਲੋੜ ਪਈ ਤਾਂ ਉਸ ਨੂੰ ਪੰਜਾਬ ਵਿਚੀਂ ਜਾਣ ਦਿੱਤਾ ਜਾਏਗਾ ਤੇ ਜਾਣ ਵਿਚ ਹਰ ਮਦਦ ਕੀਤੀ ਜਾਵੇਗੀ। 3. ਜੇ ਅੰਗ੍ਰੇਜ਼ ਸਰਕਾਰ ਨੂੰ ਕਾਬਲ ਦੀ ਸਰਕਾਰ ਨਾਲ ਖ਼ਤ-ਪਤ੍ਰ ਕਰਨਾ ਪਿਆ ਤਾਂ ਖ਼ਤ ਲੈ ਜਾਣ ਵਾਲਿਆਂ ਦੀ ਪੰਜਾਬ ਵਿਚ ਸੁਰੱਖਿਆ ਦਾ ਪੂਰਾ ਧਿਆਨ ਰੱਖਿਆ ਜਾਵੇਗਾ।

ਮਹਾਰਾਜੇ ਨੇ ਸੰਧੀ ਦੀਆਂ ਸ਼ਰਤਾਂ ਸੁਣ ਕੇ ਆਪਣੇ ਵਲੋਂ ਦੋ ਸ਼ਰਤਾਂ ਹੋਰ ਉਸ ਸੰਧੀ ਵਿਚ ਮਿਲਾਉਣ ਲਈ ਕਿਹਾ—1. ਜੇ ਲਾਹੌਰ ਸਰਕਾਰ ਦੀ ਕਾਬਲ ਸਰਕਾਰ ਨਾਲ ਲੜਾਈ ਲਗ ਜਾਵੇ ਤਾਂ ਅੰਗ੍ਰੇਜ਼ ਸਰਕਾਰ ਨਿਰਪੱਖ ਰਹੇਗੀ। 2. ਮਹਾਰਾਜੇ ਨੂੰ ਸਾਰੀਆਂ ਸਿਖ ਰਿਆਸਤਾਂ ਦਾ ਖ਼ੁਦ ਮੁਖ਼ਤਿਆਰ ਬਾਦਸ਼ਾਹ ਮੰਨਿਆ ਜਾਵੇ।

ਮਿਸਟਰ ਮੈਟਕਾਫ਼ ਨੇ ਦੋਵੇਂ ਸ਼ਰਤਾਂ ਦੇ ਖਰੜੇ ਗਵਰਨਰ ਜਨਰਲ ਪਾਸ ਮਨਜ਼ੂਰੀ ਲਈ ਭੇਜ ਦਿੱਤੇ। ਉਹ ਆਪ ਅੰਮ੍ਰਿਤਸਰ ਪਹੁੰਚ ਕੇ ਮਨਜ਼ੂਰੀ ਦੀ ਉਡੀਕ ਕਰਨ ਲੱਗਾ। ਮਹਾਰਾਜਾ ਕਸੂਰ ਨੂੰ ਫ਼ਤਹਿ ਕਰਨ ਪਿਛੋਂ ਸਤਲੁਜ ਦੇ ਦੱਖਣੀ ਪਾਸੇ ਦੇ ਇਲਾਕੇ ਵਿਚ ਮੱਲਾਂ ਮਾਰਦਾ 4 ਦਸੰਬਰ ਨੂੰ ਅੰਮ੍ਰਿਤਸਰ ਪੁਜਿਆ।

ਮਹਾਰਾਜੇ ਦੇ ਅੰਮ੍ਰਿਤਸਰ ਪੁਜਣ ਤਕ ਫ਼ਰਾਂਸ ਦੀ ਯੂਰਪ ਵਿਚ ਹਾਰ ਕਾਰਨ ਉਸ ਦਾ ਹਿੰਦੁਸਤਾਨ ਉੱਪਰ ਹਮਲੇ ਦਾ ਡਰ ਖ਼ਤਮ ਹੋ ਗਿਆ। ਇਸ ਨਾਲ ਅੰਗ੍ਰੇਜ਼ਾਂ ਨੂੰ ਮਹਾਰਾਜੇ ਦੀ ਮਿੱਤਰਤਾ ਦੀ ਉਹ ਲੋੜ ਨਾ ਰਹੀ ਜਿਹੜੀ ਪਹਿਲਾਂ ਸੀ। 10 ਦਸੰਬਰ ਨੂੰ ਮਿਸਟਰ ਮੈਟਕਾਫ਼ ਨੇ ਮਹਾਰਾਜੇ ਨੂੰ ਗਵਰਨਰ ਜਨਰਲ ਵਲੋਂ ਆਇਆ ਪੱਤਰ ਦਿੱਤਾ ਜਿਸ ਵਿਚ ਲਿਖਿਆ ਸੀ, "ਮਰਹੱਟਿਆਂ ਦੀ ਹਾਰ ਨਾਲ ਉਨ੍ਹਾਂ ਦਾ ਸਾਰਾ ਇਲਾਕਾ ਸਤਲੁਜ ਤਕ ਅੰਗ੍ਰੇਜ਼ਾਂ ਦੇ ਹੱਥ ਆ ਗਿਆ ਹੈ। ਇਸ ਲਈ ਬ੍ਰਿਟਿਸ਼ ਗਵਰਨਮਿੰਟ ਇਹ ਸਹਾਰ ਨਹੀਂ ਸਕਦੀ ਕਿ ਉਸ ਦੇ ਇਲਾਕੇ ਵਿਚ ਰਹਿਣ ਵਾਲੇ ਰਾਜਿਆਂ ਨੂੰ ਦਬਕਾ ਕੇ ਉਨ੍ਹਾਂ ਦੇ ਇਲਾਕੇ ਨੂੰ ਮਹਾਰਾਜਾ ਆਪਣੇ ਰਾਜ ਨਾਲ ਮਿਲਾਵੇ। ਉਹ ਸਾਰੇ ਇਲਾਕੇ ਬ੍ਰਿਟਿਸ਼ ਗਵਰਨਮਿੰਟ ਦੇ ਅਧੀਨ ਹਨ। ਮਹਾਰਾਜੇ ਨੂੰ ਚਾਹੀਦਾ ਹੈ ਕਿ ਉਹ ਆਪਣੀ ਸਾਰੀ ਫ਼ੌਜ ਸਤਲੁਜ ਨਦੀ ਦੇ ਦੂਜੇ ਪਾਸੇ ਤਕ ਹੀ ਰੱਖੇ। ਇਹ ਸ਼ਰਤਾਂ ਮੰਨਣ ਨਾਲ ਹੀ ਉਸ ਦੀ ਸਾਡੇ ਨਾਲ ਮਿੱਤਰਤਾ ਹੋ ਸਕਦੀ ਹੈ।"

ਇਹ ਖ਼ਤ ਸੁਣ ਕੇ ਮਹਾਰਾਜੇ ਨੇ ਇਕ ਵਾਰੀ ਅੰਗ੍ਰੇਜ਼ਾਂ ਨਾਲ ਟੱਕਰ ਲੈਣ ਦੀ ਤਿਆਰੀ ਸ਼ੁਰੂ ਕਰ ਦਿੱਤੀ। ਜਦੋਂ ਉਸ ਨੇ ਆਪਣੀ ਸ਼ਕਤੀ ਤੇ ਆਪਣੇ ਵਿਰੋਧੀਆਂ ਦੀ ਸ਼ਕਤੀ ਦੀ ਤੁਲਣਾ ਕੀਤੀ ਤਾਂ ਉਸ ਨੇ 25 ਅਪ੍ਰੈਲ 1809 ਈਸਵੀ ਨੂੰ ਅੰਮ੍ਰਿਤਸਰ ਸੰਧੀ 'ਤੇ ਦਸਖ਼ਤ ਕਰ ਦਿੱਤੇ ਜਿਸ ਨਾਲ ਮਹਾਰਾਜੇ ਦੇ ਰਾਜ ਦੀ ਹੱਦ ਸਤਲੁਜ ਨਦੀ ਤਕ ਰਹਿ ਗਈ। ਇਸ ਤਰ੍ਹਾਂ ਉਸਦਾ ਸੁਪਨਾ ਸਾਰੀਆਂ ਸਿਖ ਸਿਆਸਤਾਂ ਨੂੰ ਖ਼ਾਲਸਾ ਰਾਜ ਦੇ ਝੰਡੇ ਥੱਲੇ ਇਕੱਠੀਆਂ ਕਰਨ ਦਾ ਖ਼ਤਮ ਹੋ ਗਿਆ। ਉਹ ਖ਼ਾਲਸਾ ਰਾਜ ਦਾ ਮਹਾਰਾਜਾ ਹੋਣ ਦੀ ਥਾਂ ਪੰਜਾਬ ਦਾ ਮਹਾਰਾਜਾ ਰਹਿ ਗਿਆ।



ਅੰਮ੍ਰਿਤਸਰ ਦੀ ਸੰਧੀ

Treaty of Amritsar

# *Treaty of Amritsar*

In 1806 AD, after defeat from Russia, Iran entered into a treaty with France. France also forged alliances with Russia and Turky in 1807 AD. These treaties and alliances by France put the British government into great worry. They were afraid that France and Russia might jointly attack Afghanistan and Punjab. To negotiate a treaty of friendship with Punjab, Lord Minto, the Governor General of India, sent Sir Charles Metcalfe as ambassador to Maharaja Ranjit Singh at Lahore.


Mr. Metcalfe met the Maharaja near Kasoor on 11th September 1808 AD. After talking about the treaties of France and Russia, he presented the text of friendship to the Maharaja which contained three conditions—1. In case of attack on India by France both will fight her Jointly. 2. If the British army has to go to Attak or Afghanistan to face the enemy, it will be allowed to pass through Punjab and every help will be given in its march. 3. If the British government has to correspond with the government at Kabul, the courier's safety will be fully taken care in Punjab.

After listening to these propositions for the treaty, the Maharaja asked for two conditions to be included from his side—1. If the government of Lahore comes to war with the Kabul regime, the British will remain neutral. 2. The Maharaja be recognised as independent ruler of all Sikh states.

Mr. Metcalfe sent the texts of both these conditions to the Governor General for approval. He himself went to Amritsar and waited there for the approval. The Maharaja reached Amritsar on 4th December after conquering Kasoor and subjugating some areas south of Sutlej.

By the time the Maharaja reached Amritsar, the fear of attack on India by France ended due to its defeat in Europe. Due to this, the British had no need of the friendship of the Maharaja now as badly as they did before. On 10th December, Mr. Metcalfe gave the Maharaja the letter from the Governor General which read—"Due to the defeat of the Marathas, all their territory upto Sutlej has come under the British. As such, the British government cannot tolerate that the Maharaja subjugates the rajas in that area and annexes their territories. All those territories are under the British government. The Maharaja should keep all his army to the other side of the Sutlej. If the Maharaja agrees to these conditions, there can be friendship between us."

On hearing this letter, the Maharaja, at first started preparations to take on the British. But when he compared his strength to that of his enemy, he signed the Amritsar treaty on 25th April 1809 AD which limited the boundary of his state up to the river Sutlej. Thus ended his dream of bringing all the Sikh states under Khalsa Raj. Instead of becoming the Maharaja of Khalsa Raj, he remained the Maharaja of Punjab.



ਮੁਲਤਾਨ ਦੀ ਜਿੱਤ Conquest of Multan

# ਮੁਲਤਾਨ ਦੀ ਜਿੱਤ

ਸਿਖ ਮਿਸਲਾਂ ਦੇ ਸਰਦਾਰ ਆਪਣੇ ਵੈਰੀ ਨੂੰ ਲੜਾਈ ਦੇ ਮੈਦਾਨ ਵਿਚ ਥਕਾ ਕੇ ਮਾਰਦੇ ਸਨ। ਉਨ੍ਹਾਂ ਦੇ ਇਨ੍ਹਾਂ ਗੁਰੀਲਾ ਢੰਗਾਂ ਨੇ ਅਬਦਾਲੀ ਤੇ ਸ਼ਾਹ ਜ਼ਮਾਨ ਨੂੰ ਲਾਹੌਰ ਛੱਡਣ ਲਈ ਮਜਬੂਰ ਕਰ ਦਿੱਤਾ ਸੀ। ਇਹ ਤਰੀਕਾ ਮਹਾਰਾਜਾ ਰਣਜੀਤ ਸਿੰਘ ਨੇ ਕਸੂਰ, ਮੁਲਤਾਨ, ਕਸ਼ਮੀਰ ਆਦਿ ਇਲਾਕਿਆਂ ਨੂੰ, ਜਿਹੜੇ ਕਾਬਲ ਸਰਕਾਰ ਤੋਂ ਆਕੀ ਹੋ ਗਏ ਸਨ, ਆਪਣੇ ਅਧੀਨ ਕਰਨ ਦਾ ਵਰਤਿਆ। 1802 ਈਸਵੀ ਵਿਚ ਮਹਾਰਾਜੇ ਨੇ ਮੁਲਤਾਨ ਉੱਪਰ ਚੜ੍ਹਾਈ ਕੀਤੀ। ਨਵਾਬ ਮੁਜ਼ੱਫਰ ਖ਼ਾਨ ਨੇ ਮਹਾਰਾਜੇ ਦੀ ਅਧੀਨਗੀ ਪ੍ਰਵਾਨ ਕਰ ਕੇ ਹਰ ਸਾਲ ਖ਼ਰਾਜ ਦੇਣ ਦਾ ਇਕਰਾਰ ਕਰ ਕੇ ਮੁਲਤਾਨ ਦੀ ਨਵਾਬੀ ਆਪ ਹੀ ਲੈ ਲਈ।

1805 ਈਸਵੀ ਵਿਚ ਮਹਾਰਾਜੇ ਨੇ ਮੁਲਤਾਨ ਦੇ ਖ਼ਰਾਜ ਦੀ ਰਕਮ ਵਧਾ ਦਿੱਤੀ। ਨਵਾਬ ਨੇ ਖ਼ਰਾਜ ਦੀ ਨਵੀਂ ਰਕਮ ਦੇਣ ਵਿਚ ਆਪਣੀ ਬੇਬਸੀ ਦੱਸੀ। ਮਹਾਰਾਜੇ ਨੇ ਇਹ ਉੱਤਰ ਸੁਣ ਕੇ ਮੁਲਤਾਨ ਉੱਪਰ ਚੜ੍ਹਾਈ ਕਰ ਦਿੱਤੀ। ਅਜੇ ਫ਼ੌਜਾਂ ਮੁਲਤਾਨ ਤੋਂ ਵੀਹ ਮੀਲ ਪਿੱਛੇ ਸਨ, ਜਦੋਂ ਮਹਾਰਾਜੇ ਨੂੰ ਖ਼ਬਰ ਪੁੱਜੀ ਕਿ ਮਰਹੱਟਾ ਜਰਨੈਲ ਜਸਵੰਤ ਰਾਉ ਹੁਲਕਰ ਅੰਗ੍ਰੇਜ਼ਾਂ ਪਾਸੋਂ ਹਾਰ ਖਾ ਕੇ ਆਪਣੀ ਪੰਦਰਾਂ ਹਜ਼ਾਰ ਫ਼ੌਜ ਨਾਲ ਪੰਜਾਬ ਵਿਚ ਦਾਖ਼ਲ ਹੋ ਗਿਆ ਹੈ। ਵਾਪਸ ਪੰਜਾਬ ਨੂੰ ਜਾਣ ਦੀ ਜਲਦੀ ਵਿਚ ਮਹਾਰਾਜੇ ਨੇ ਨਵਾਬ ਪਾਸੋਂ ਸੱਤਰ ਹਜ਼ਾਰ ਖ਼ਰਾਜ ਲੈ ਕੇ ਮੁੜਨ ਦੀ ਕੀਤੀ।

1807 ਈਸਵੀ ਵਿਚ ਮਹਾਰਾਜੇ ਨੇ ਮੁਲਤਾਨ ਦੇ ਨਵਾਬ ਨੂੰ ਦੰਡ ਦੇਣ ਲਈ ਚੜ੍ਹਾਈ ਕੀਤੀ। ਉਸ ਦੇ ਕਸੂਰ ਸਨ— 1. ਉਸ ਨੇ ਅਹਿਮਦ ਖ਼ਾਨ ਸਿਆਲ ਤੇ ਨਵਾਬ ਝੰਗ ਨੂੰ ਪਨਾਹ ਦਿੱਤੀ ਸੀ ਜਿਹੜੇ ਝੰਗ ਦੀ ਲੜਾਈ ਵਿਚ ਖ਼ਾਲਸੇ ਪਾਸੋਂ ਹਾਰ ਕੇ ਨੱਸੇ ਸਨ। 2. ਉਸ ਨੇ ਕਸੂਰ ਦੇ ਨਵਾਬ ਨਾਲ ਮਿਲ ਕੇ ਖ਼ਾਲਸੇ ਵਿਰੁੱਧ ਲੜਾਈ ਦੀਆਂ ਯੋਜਨਾਂ ਬਣਾਈਆਂ ਸਨ। ਖ਼ਾਲਸਾ ਫ਼ੌਜ ਨੇ ਜਾਂਦੇ ਸਾਰ ਮੁਲਤਾਨ ਸ਼ਹਿਰ ਫ਼ਤਹਿ ਕਰ ਕੇ ਕਿਲ੍ਹੇ ਨੂੰ ਘੇਰਾ ਪਾ ਲਿਆ ਜਿਥੇ ਨਵਾਬ ਨੇ ਆਸਰਾ ਲਿਆ ਹੋਇਆ ਸੀ। ਕਿਲ੍ਹਾ ਫ਼ਤਹਿ ਹੋਣ ਤੋਂ ਪਹਿਲਾਂ ਹੀ ਉਸ ਨੇ ਨਵਾਬ ਬਹਾਵਲਪੁਰ ਨੂੰ ਕਹਿ ਕੇ ਮਹਾਰਾਜੇ ਨਾਲ ਸੁਲ੍ਹਾ ਕਰ ਲਈ ਤੇ ਮਹਾਰਾਜੇ ਨੂੰ ਪੰਝੱਤਰ ਹਜ਼ਾਰ ਨਜ਼ਰਾਨਾ ਦੇ ਕੇ ਭੇਜ ਦਿੱਤਾ।

24 ਫ਼ਰਵਰੀ 1810 ਈਸਵੀ ਨੂੰ ਖ਼ਾਲਸਾ ਫ਼ੌਜ ਮੁਲਤਾਨ ਦੇ ਨਵਾਬ ਪਾਸੋਂ ਪਿਛਲਾ ਰਹਿੰਦਾ ਖ਼ਰਾਜ ਲੈਣ ਲਈ ਗਈ। ਇਸ ਵਾਰ ਨਵਾਬ ਖ਼ਰਾਜ ਦੇਣ ਲਈ ਤਿਆਰ ਨਾ ਹੋਇਆ ਸਗੋਂ ਖ਼ਾਲਸੇ ਦੇ ਟਾਕਰੇ ਲਈ ਡਟ ਗਿਆ। 25 ਫ਼ਰਵਰੀ ਨੂੰ ਖ਼ਾਲਸੇ ਨੇ ਸ਼ਹਿਰ ਉੱਪਰ ਧਾਵਾ ਬੋਲ ਦਿੱਤਾ। ਸ਼ਾਮ ਤਕ ਪਠਾਣ ਮੈਦਾਨ ਵਿਚ ਖ਼ਾਲਸੇ ਦਾ ਮੁਕਾਬਲੇ ਕਰਦੇ ਰਹੇ। ਉਸ ਪਿਛੋਂ ਮੈਦਾਨ ਛਡ ਕੇ ਕਿਲ੍ਹੇ ਅੰਦਰ ਚਲੇ ਗਏ। ਖ਼ਾਲਸੇ ਨੇ ਕਿਲ੍ਹੇ ਨੂੰ ਘੇਰਾ ਪਾ ਕੇ ਭੰਗੀਆਂ ਦੀ ਤੋਪ ਨਾਲ ਕਿਲ੍ਹੇ ਦੀਆਂ ਕੰਧਾਂ ਨੂੰ ਹਿਲਾਉਣਾ ਸ਼ੁਰੂ ਕਰ ਦਿੱਤਾ। 25 ਮਾਰਚ ਨੂੰ ਕਿਲ੍ਹੇ ਦੀ ਕੰਧ ਟੁਟ ਗਈ ਤੇ ਖ਼ਾਲਸਾ ਫ਼ੌਜ ਕਿਲ੍ਹੇ ਅੰਦਰ ਚਲੀ ਗਈ। ਇਹ ਦੇਖ ਨਵਾਬ ਨੇ ਹਾਰ ਮੰਨ ਲਈ। ਉਸ ਨੇ ਇਕ ਲੱਖ ਅੱਸੀ ਹਜ਼ਾਰ ਨਕਦ ਦੇ ਦਿੱਤਾ ਤੇ ਢਾਈ ਲੱਖ ਸਾਲ ਦਾ ਖ਼ਰਾਜ ਦੇਣਾ ਪ੍ਰਵਾਨ ਕਰ ਲਿਆ। 14 ਅਪ੍ਰੈਲ ਨੂੰ ਖ਼ਾਲਸਾ ਫ਼ੌਜ ਨੇ ਲਾਹੌਰ ਵੱਲ ਕੂਚ ਕਰ ਦਿੱਤਾ।

ਮਹਾਰਾਜੇ ਨੂੰ ਮੁਲਤਾਨ ਦੇ ਨਵਾਬ ਪਾਸੋਂ ਖ਼ਰਾਜ ਲੈਣ ਲਈ ਹਮੇਸ਼ਾ ਫ਼ੌਜ ਭੇਜਣੀ ਪੈਂਦੀ ਸੀ। ਮਹਾਰਾਜੇ ਨੇ ਮੁਲਤਾਨ ਨੂੰ ਆਪਣੇ ਰਾਜ ਨਾਲ ਮਿਲਾਉਣ ਦਾ ਫ਼ੈਸਲਾ ਕਰ ਕੇ 1818 ਈਸਵੀ ਵਿਚ ਪੰਝੀ ਹਜ਼ਾਰ ਫ਼ੌਜ ਮਿਸਰ ਦੀਵਾਨ ਚੰਦ ਨੂੰ ਦੇ ਕੇ ਭੇਜਿਆ। ਨਵਾਬ ਮੁਜ਼ੱਫਰ ਖ਼ਾਨ ਨੇ ਖ਼ਾਲਸਾ ਫ਼ੌਜ ਦਾ ਆਉਣਾ ਸੁਣ ਕੇ ਕਿਲ੍ਹੇ ਅੰਦਰ ਕਾਫ਼ੀ ਅੰਨ ਦਾਣਾ ਜਮ੍ਹਾ ਕਰ ਲਿਆ, ਕਿਲ੍ਹੇ ਨੂੰ ਹੋਰ ਮਜ਼ਬੂਤ ਕਰ ਲਿਆ ਤੇ ਜਹਾਦ ਦੇ ਨਾਂ ਉੱਪਰ ਬਹੁਤ ਸਾਰੇ ਗਾਜ਼ੀ ਜਮ੍ਹਾਂ ਕਰ ਲਏ। ਖ਼ਾਲਸੇ ਦੀ ਤਲਵਾਰ ਅੱਗੇ, ਇਕੱਠੇ ਕੀਤੇ ਗਾਜ਼ੀ ਤੇ ਨਾ ਹੀ ਨਵਾਬ ਦੀ ਫ਼ੌਜ ਸ਼ਾਮ ਤਕ ਟਿਕ ਸਕੀ। ਨਵਾਬ ਨੇ ਕਿਲ੍ਹੇ ਅੰਦਰ ਜਾ ਕੇ ਡੇਰਾ ਲਾ ਲਿਆ। ਖ਼ਾਲਸੇ ਨੇ ਕਿਲ੍ਹੇ ਦੀਆਂ ਕੰਧਾਂ ਟੱਪ ਕੇ 2 ਜੂਨ 1818 ਈਸਵੀ ਨੂੰ ਕਿਲ੍ਹੇ ਉੱਪਰ ਕਬਜ਼ਾ ਕਰ ਲਿਆ। ਨਵਾਬ ਤੇ ਉਸ ਦੇ ਪੰਜ ਪੁੱਤਰ ਬੜੀ ਬਹਾਦਰੀ ਨਾਲ ਲੜਦੇ ਸ਼ਹੀਦੀਆਂ ਪਾ ਗਏ। ਉਸ ਦੇ ਤਿੰਨ ਪੁੱਤਰ ਸਿੱਖਾਂ ਨੇ ਜਿਊਂਦੇ ਫੜ ਲਏ। ਉਨ੍ਹਾਂ ਨੂੰ ਮਹਾਰਾਜੇ ਨੇ ਗੁਜ਼ਾਰੇ ਲਈ ਜਾਗੀਰ ਦੇ ਦਿੱਤੀ। ਮੁਲਤਾਨ ਨੂੰ ਮਹਾਰਾਜੇ ਨੇ ਆਪਣੇ ਰਾਜ ਨਾਲ ਮਿਲਾ ਲਿਆ ਜਿਸਦੀ ਆਮਦਨੀ ਪੌਣੇ ਸੱਤ ਲੱਖ ਰੁਪਏ ਸਾਲ ਦੀ ਸੀ।

# Conquest of Multan

The chiefs of Sikh misls used to kill their enemy in battlefield after tiring him off. These tactics of theirs had forced Abdali and Shah Zaman to leave Lahore. Maharaja Ranjit Singh used this method to bring under his rule the area of Kasoor, Multan and Kashmir etc. which had become independent of the Kabul regime. The Maharaja marched on Multan in 1802 AD. Nawab Muzzafar Khan accepted the sovereignty of the Maharaja and got the government of Multan after agreeing to pay yearly tribute.

In 1805 AD, the Maharaja increased the sum of the tribute payable by Multan. The Nawab expressed his inability to pay the new sum fixed as tribute. At this reply, the Maharaja attacked Multan. The army was still twenty miles from Multan when the Maharaja got the news that Maratha general, Jaswant Rao Holkar had entered Punjab with an army of fifteen thousand after suffering a defeat at the hands of the British. In a hurry to return to Punjab, the Maharaja realised seventy thousand tribute from the Nawab and hastened back.

In order to punish the Nawab, the Maharaja again attacked Multan in 1807 AD. He was guilty on two accounts—1. He had given shelter to Ahmad Khan Sayal and Nawab of Jhang who had fled after defeat at the hands of Khalsa in the battle of Jhang. 2. He had conspired with the Nawab of Kasoor to fight the Khalsa. The Khalsa army conquered the city of Multan immediately on arrival and laid siege to the fort where the Nawab had taken shelter. Before the fall of the fort, he negotiated peace through the Nawab of Bahawalpur and sent the Maharaja back with present of seventy-five thousand.

The Khalsa army went to Multan on 24th February 1810 AD to realise the arrears of tribute. This time, the Nawab did not agree to pay the tribute but prepared to fight the Khalsa. The Khalsa mounted an attack on 25th February. The Pathans faced the Khalsa in the field upto the evening. After that they retreated inside the fort. The Khalsa besieged the fort and started shaking the walls of the fort with Bhangi gun. The wall gave way on 25th March and the Khalsa army entered the fort. At this, the Nawab conceded defeat. He gave one lakh and eighty thousand in cash and agreed to give two and a half lakhs as yearly tribute. The Khalsa army marched back to Lahore on 14th April 1810 AD.

The Maharaja had to send an army everytime to realise tribute from the Nawab of Multan. Having decided to annex Multan to his kingdom, the Maharaja sent Misar Diwan Chand with an army of twenty-five thousand in 1818 AD. At the news of the march of the Khalsa army, Nawab Muzzaffar Khan stocked the fort with plenty of rations, strengthened its defences and collected a large number of fanatics in the name of holy war. Neither the fanatics nor the army of the Nawab could face the sword of the Khalsa till evening. The Nawab went inside the fort and stayed there. The Khalsa scaled the walls of the fort and captured it on 2nd June 1818 AD. The Nawab and his five sons died fighting bravely. Three of his sons were captured alive by the Sikhs. The Maharaja granted them an estate for their livelihood. The Maharaja annexed Multan with an income of six and three quarter lakhs to his state.

# ਕਸ਼ਮੀਰ ਨੂੰ ਮਿਲਾਉਣਾ

ਮਹਾਰਾਜਾ ਰਣਜੀਤ ਸਿੰਘ ਨੇ ਨਵੰਬਰ 1812 ਈਸਵੀ ਵਿਚ ਬਾਰਾਂ ਹਜ਼ਾਰ ਫ਼ੌਜ ਦੀਵਾਨ ਮੁਹਕਮ ਚੰਦ ਨੂੰ ਦੇ ਕੇ, ਕਸ਼ਮੀਰ ਫ਼ਤਹਿ ਕਰਨ ਲਈ ਵਜ਼ੀਰ ਫ਼ਤਹ ਖ਼ਾਨ ਦੀ ਮਦਦ ਲਈ ਭੇਜਿਆ ਸੀ। ਕਸ਼ਮੀਰ 'ਤੇ ਕਬਜ਼ਾ ਹੋ ਜਾਣ ਪਿਛੋਂ ਵਜ਼ੀਰ ਫ਼ਤਹ ਖ਼ਾਨ ਨੇ ਆਪਣੇ ਭਾਈ ਮੁਹੰਮਦ ਅਜ਼ੀਮ ਖ਼ਾਨ ਨੂੰ ਕਸ਼ਮੀਰ ਦਾ ਗਵਰਨਰ ਬਣਾ ਦਿੱਤਾ। ਮਹਾਰਾਜੇ ਨੂੰ ਕਸ਼ਮੀਰ ਦੀ ਲੁੱਟ ਦੇ ਮਾਲ ਵਿਚੋਂ ਕੋਈ ਹਿੱਸਾ ਨਾ ਮਿਲਿਆ। ਦੀਵਾਨ ਮੁਹਕਮ ਚੰਦ ਆਪਣੇ ਨਾਲ ਸ਼ਾਹ ਸ਼ੁਜਾਹ ਤੇ ਅੱਤਾ ਮੁਹੰਮਦ ਜਹਾਂਦਾਦ ਖ਼ਾਨ ਨੂੰ ਲਾਹੌਰ ਲੈ ਆਇਆ ਸੀ, ਜਿਨ੍ਹਾਂ ਦੀ ਬਦੌਲਤ ਕੋਹਿਨੂਰ ਹੀਰਾ ਤੇ ਅਟਕ ਦੇ ਕਿਲ੍ਹੇ ਦਾ ਕਬਜ਼ਾ ਮਿਲ ਗਿਆ ਸੀ। ਵਜ਼ੀਰ ਫ਼ਤਹ ਖ਼ਾਨ ਨੇ ਅਟਕ ਦਾ ਕਿਲ੍ਹਾ ਵਾਪਸ ਲੈਣ ਲਈ 1813 ਈਸਵੀ ਦੇ ਸ਼ੁਰੂ ਵਿਚ ਚੜ੍ਹਾਈ ਕੀਤੀ ਸੀ, ਪਰ ਹਜਰੋਂ ਦੇ ਮੁਕਾਮ ਉੱਪਰ ਖ਼ਾਲਸੇ ਪਾਸੋਂ ਹਾਰ ਖਾ ਕੇ ਕਾਬਲ ਨੂੰ ਮੁੜ ਗਿਆ ਸੀ। ਉਸ ਜਿੱਤ ਨੇ ਮਹਾਰਾਜੇ ਨੂੰ ਕਸ਼ਮੀਰ ਫ਼ਤਹਿ ਕਰਨ ਲਈ ਪ੍ਰੇਰਿਆ।

ਅਪ੍ਰੈਲ 1814 ਈਸਵੀ ਵਿਚ ਮਹਾਰਾਜੇ ਨੇ ਕਸ਼ਮੀਰ ਨੂੰ ਜਿੱਤਣ ਦੀ ਤਿਆਰੀ ਕਰ ਲਈ। ਦੀਵਾਨ ਮੁਹਕਮ ਚੰਦ ਬੀਮਾਰ ਸੀ। ਉਸਨੇ ਮਹਾਰਾਜ ਨੂੰ ਦੱਸਿਆ, "ਅੱਗੇ ਬਰਸਾਤ ਦਾ ਮੌਸਮ ਆ ਰਿਹਾ ਹੈ। ਹੁਣ ਕਸ਼ਮੀਰ ਉੱਪਰ ਚੜ੍ਹਾਈ ਕਰਨਾ ਠੀਕ ਨਹੀਂ।" ਮਹਾਰਾਜੇ ਨੇ ਉਸ ਦੀ ਰਾਏ ਅਣਸੁਣੀ ਕਰ ਦਿੱਤੀ। ਜੂਨ 1814 ਈਸਵੀ ਵਿਚ ਖ਼ਾਲਸਾ ਫ਼ੌਜ ਰਾਜੌਰੀ ਪਹੁੰਚੀ। ਉੱਥੋਂ ਦਾ ਰਾਜਾ ਅਘੜ ਖ਼ਾਨ ਮਹਾਰਾਜੇ ਦੀ ਸੇਵਾ ਵਿਚ ਹਾਜ਼ਰ ਹੋ ਗਿਆ। ਉਸਦੀ ਸਲਾਹ ਅਨੁਸਾਰ ਫ਼ੌਜ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ ਗਿਆ। ਇਕ ਦਲ ਦੀਵਾਨ ਰਾਮ ਦਿਆਲ ਨੂੰ ਸੌਂਪ ਦਿੱਤਾ ਤੇ ਦੂਜਾ ਦਲ ਮਹਾਰਾਜੇ ਨੇ ਆਪਣੀ ਕਮਾਨ ਹੇਠ ਰੱਖ ਲਿਆ। ਦੀਵਾਨ ਰਾਮ ਦਿਆਲ ਨੇ ਮਦਨਪੁਰ ਹੁੰਦੇ ਹੋਏ ਹਮੀਰਪੁਰ ਉੱਪਰ ਕਬਜ਼ਾ ਕਰ ਲਿਆ ਪਰ ਮੁਹੰਮਦ ਅਜ਼ੀਮ ਖ਼ਾਨ ਹਾਰ ਖਾ ਕੇ ਭੱਜ ਗਿਆ। ਦੀਵਾਨ ਨੇ ਅੱਗੇ ਵਧ ਕੇ ਸੁਪੀਨ ਉੱਤੇ ਹਮਲਾ ਕਰ ਦਿੱਤਾ। ਉੱਥੇ ਦੂਜੇ ਦਿਨ ਮੀਂਹ ਕਾਰਨ ਉਸ ਦੀਆਂ ਤੋਪਾਂ ਨੇ ਕੰਮ ਨਾ ਕੀਤਾ ਤੇ ਰਾਤ ਨੂੰ ਬਰਫ਼ ਪੈ ਗਈ। ਦੀਵਾਨ ਹਾਰ ਖਾ ਕੇ ਸ੍ਰੀਨਗਰ ਦੇ ਨੇੜੇ ਆ ਕੇ ਬੈਠ ਗਿਆ ਤੇ ਹੋਰ ਮਦਦ ਦੀ ਉਡੀਕ ਕਰਨ ਲੱਗਿਆ। ਦੂਜੇ ਪਾਸੇ ਮਹਾਰਾਜਾ ਪੁੰਛ ਵੱਲ ਵਧਿਆ। ਮੀਂਹ ਤੇ ਸਰਦੀ ਕਾਰਨ ਖ਼ਾਲਸਾ ਫ਼ੌਜ ਬੀਮਾਰ ਪੈ ਗਈ। ਦੀਵਾਨ ਦੀ ਮਦਦ ਲਈ ਜਿਹੜੀ ਫ਼ੌਜ ਭੇਜੀ ਸੀ ਉਹ 9 ਜੁਲਾਈ ਨੂੰ ਮੁਹੰਮਦ ਅਜ਼ੀਮ ਖ਼ਾਨ ਪਾਸੋਂ ਹਾਰ ਖਾ ਕੇ ਮੁੜ ਆਈ। 12 ਅਗਸਤ ਨੂੰ ਸਾਰੀ ਫ਼ੌਜ ਲਾਹੌਰ ਪੁੱਜ ਗਈ।

1818 ਈਸਵੀ ਵਿਚ ਕਾਬਲ ਦੇ ਵਜ਼ੀਰ ਫ਼ਤਹ ਖ਼ਾਨ ਦੇ ਕਤਲ ਕੀਤੇ ਜਾਣ ਪਿਛੋਂ, ਉਸ ਦਾ ਭਾਈ ਮੁਹੰਮਦ ਅਜ਼ੀਮ ਖ਼ਾਨ ਕਸ਼ਮੀਰ ਦਾ ਗਵਰਨਰ, ਵਜ਼ੀਰ ਫ਼ਤਹ ਖ਼ਾਨ ਦੇ ਖ਼ੂਨ ਦਾ ਬਦਲਾ ਲੈਣ ਲਈ ਕਸ਼ਮੀਰ ਜੱਬਾਰ ਖ਼ਾਨ ਨੂੰ ਸੌਂਪ ਕੇ ਆਪਣੀ ਫ਼ੌਜ ਲੈ ਕੇ ਕਾਬਲ ਨੂੰ ਚਲਿਆ ਗਿਆ। ਮਹਾਰਾਜੇ ਨੇ ਚੰਗਾ ਮੌਕਾ ਦੇਖ ਕੇ ਕਸ਼ਮੀਰ ਉੱਪਰ ਚੜ੍ਹਾਈ ਕਰ ਦਿੱਤੀ। ਵਜ਼ੀਰਾਬਾਦ ਪੁੱਜ ਕੇ ਫ਼ੌਜ ਨੂੰ ਤਿੰਨ ਭਾਗਾਂ ਵਿਚ ਵੰਡ ਲਿਆ। ਇਕ ਦਲ ਸ਼ਹਿਜ਼ਾਦਾ ਖੜਕ ਸਿੰਘ ਦੇ ਅਧੀਨ ਦੇ ਦਿੱਤਾ, ਦੂਜਾ ਵਜ਼ੀਰ ਦੀਵਾਨ ਚੰਦ ਤੇ ਤੀਜਾ ਮਹਾਰਾਜੇ ਨੇ ਆਪਣੇ ਨਾਲ ਰੱਖ ਲਿਆ। ਮਈ 1819 ਈਸਵੀ ਵਿਚ ਪਹਿਲੇ ਦੋ ਦਲਾਂ ਨੇ ਵਜ਼ੀਰਾਬਾਦ ਤੋਂ ਕੂਚ ਕਰ ਕੇ ਰਾਜੌਰੀ ਨੂੰ ਘੇਰਾ ਪਾ ਲਿਆ। ਰਾਜਾ ਅਘੜ ਖ਼ਾਨ ਰਾਤ ਨੂੰ ਭੱਜ ਗਿਆ। ਉਸ ਦਾ ਭਰਾ ਰਹੀਮਉੱਲਾ ਖ਼ਾਲਸੇ ਨਾਲ ਆ ਮਿਲਿਆ। ਉਸ ਨੇ ਖ਼ਾਲਸਾ ਫ਼ੌਜ ਨੂੰ ਪਹਾੜੀ ਰਸਤੇ ਦੱਸਣ ਲਈ ਆਪਣੀ ਸੇਵਾ ਪੇਸ਼ ਕੀਤੀ। ਮਹਾਰਾਜੇ ਨੇ ਉਸ ਨੂੰ ਰਾਜੌਰੀ ਦਾ ਰਾਜਾ ਬਣਾ ਦਿੱਤਾ।

ਜੂਨ ਵਿਚ ਦੋਵੇਂ ਦਲ ਰਾਜੌਰੀ ਤੋਂ ਅੱਗੇ ਵਧੇ। ਰਸਤੇ ਵਿਚ ਸੁਪੀਨ, ਪੁੰਛ, ਬੁਸਾਨਾ, ਪੀਰ ਪੰਚਾਲ ਆਦਿ ਨੂੰ ਫ਼ਤਹਿ ਕਰ ਕੇ ਸ੍ਰੀਨਗਰ ਨੂੰ ਚਲ ਪਏ। ਅੱਗੇ ਜੱਬਾਰ ਖ਼ਾਨ ਕਸ਼ਮੀਰ ਦਾ ਗਵਰਨਰ ਰਸਤਾ ਰੋਕੀ ਬੈਠਾ ਸੀ। ਉਸ ਨੇ ਖ਼ਾਲਸਾ ਫ਼ੌਜ ਉੱਪਰ ਹੱਲਾ ਕਰ ਦਿੱਤਾ। ਪਹਿਲੇ ਹੱਲੇ ਵਿਚ ਉਸ ਨੇ ਖ਼ਾਲਸੇ ਦੀਆਂ ਦੋ ਤੋਪਾਂ ਖੋਹ ਲਈਆਂ ਪਰ ਪਿਛੋਂ ਜੱਬਾਰ ਖ਼ਾਨ ਨੂੰ ਸਭ ਸਾਮਾਨ ਮੈਦਾਨ ਵਿਚ ਛੱਡ ਕੇ ਜਾਨ ਬਚਾਉਣ ਲਈ ਕਾਬਲ ਦਾ ਰਾਹ ਫੜਨਾ ਪਿਆ। ਖ਼ਾਲਸਾ ਫ਼ੌਜ ਨੇ 4 ਜੁਲਾਈ 1819 ਈਸਵੀ ਨੂੰ ਸ੍ਰੀਨਗਰ ਉੱਪਰ ਕਬਜ਼ਾ ਕਰ ਲਿਆ। ਦੀਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਗਵਰਨਰ ਥਾਪ ਦਿੱਤਾ।


ਕਸ਼ਮੀਰ ਨੂੰ ਮਿਲਾਉਣਾ
Annexation of Kashmir
M. S. Azad

# *Annexation of Kashmir*

Maharaja Ranjit Singh sent Diwan Mohkam Chand at the head of a twelve thousand strong army in November 1812 AD to help the minister Fatah Khan to capture Kashmir. After the fall of Kashmir, Fatah Khan had appointed his brother, Mohammad Azim Khan as governor of Kashmir. The Maharaja did not get any share out of the loot of Kashmir. Diwan Mohkam Chand had brought Shah Shujah and Atta Mohammad Jahandad Khan with him to Lahore and it was due to them that the Maharaja got Kohinoor diamond and possession of the fort of Attak. Fatah Khan had mounted an attack in the beginning of 1813 AD to take the fort of Attak but had retreated to Kabul after suffering defeat from the Khalsa at Hajrón. That victory had inspired the Maharaja to conquer Kashmir.

In April 1814 AD, the Maharaja made preparation to conquer Kashmir. Diwan Mohkam Chand was ill. He told the Maharaja, "Rainy season is drawing near. It is not suitable to attack Kashmir at this time." The Maharaja paid no head to his opinion. The Khalsa army reached Rajouri in June 1814 AD. Aghar Khan, the Raja of that place, presented himself before the Maharaja. On his advice, the army was divided in two parts. One part of the army was given under the command of Diwan Ram Dayal while the Maharaja, himself commanded the other part. Passing through Madanpur, Diwan Ram Dayal captured Hamirpur where Mohammad Azim Khan fled after defeat. The Diwan moved forward and attacked Supin. At that place his guns did not function as it started raining and there was snowfall at night. The Diwan suffered defeat, retreated and encamped near Srinagar and waited there for help. On the other side, the Maharaja advanced towards Poonch. The Khalsa army fell ill due to rain and cold. The army which was sent as reinforcement for the Diwan, returned after defeat from Mohammad Azim Khan on 9th July. The entire army returned to Lahore on 12th August.

After the murder of his brother Fatah Khan, minister of Kabul in 1818 AD, Mohammad Azim Khan, the governor of Kashmir entrusted Kashmir to Jabbar Khan and went to Kabul with his army to avenge the murder. Taking advantage of this opportunity, the Maharaja marched on Kashmir. On reaching Wazirabad, he divided the army into three parts. One part was given under the command of Prince Kharak Singh, the second to minister Diwan Chand while the third was kept by the Maharaja with him. In May 1819 AD, the first two armies marched from Wazirabad and besieged Rajouri. Raja Aghar Khan fled in the night. His brother, Rahim Ulla came and joined the Khalsa. He offered to guide the Khalsa army in the hilly area. The Maharaja made him the Raja of Rajouri.

Both the forces advanced from Rajouri in June. Conquering Supin, Poonch, Basana, Pir Panchal etc. on the way, they marched towards Srinagar. Jabbar Khan, the governor of Kashmir was blocking their way. He attacked the Khalsa army. In the first attack, he snatched two guns from the Khalsa but subsequently, Jabbar Khan had to flee to Kabul to save his life leaving all the equipment in the field. The Khalsa army took over Srinagar on 4th July 1819 AD. Diwan Moti Ram was appointed the governor of Kashmir.


ਪਿਸ਼ਾਵਰ ਦੀ ਜਿੱਤ
Conquest of Peshawar
M.S. Azad

# ਪਿਸ਼ਾਵਰ ਦੀ ਜਿੱਤ

1818 ਈਸਵੀ ਵਿਚ ਵਜ਼ੀਰ ਫ਼ਤਹ ਖ਼ਾਨ ਦੇ ਕਤਲ ਪਿਛੋਂ ਕਾਬਲ ਦੇ ਪ੍ਰਬੰਧ ਵਿਚ ਗੜਬੜ ਪੈ ਗਈ। ਅਕਤੂਬਰ 1818 ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਪਿਸ਼ਾਵਰ ਫ਼ਤਹਿ ਕਰਨ ਲਈ ਚੜ੍ਹਾਈ ਕਰ ਦਿੱਤੀ। ਹਜਰੋਂ ਪੁੱਜ ਕੇ ਮਹਾਰਾਜੇ ਨੇ ਅਫ਼ਗਾਨੀ ਫ਼ੌਜ ਦੀ ਸੂਹ ਲੈਣ ਲਈ ਇਕ ਜਥਾ ਅਟਕੋਂ ਪਾਰ ਭੇਜਿਆ। ਉਸ ਜਥੇ ਨੂੰ ਫ਼ੀਰੋਜ਼ਖ਼ਾਨ ਖਟਕੇ ਦੇ ਖੈਰਾਬਾਦ ਦੀਆਂ ਪਹਾੜੀਆਂ ਵਿਚ ਛੁਪੇ ਬੈਠੇ ਆਦਮੀਆਂ ਨੇ ਗੋਲੀਆਂ ਨਾਲ ਭੁੰਨ ਦਿੱਤਾ। ਮਹਾਰਾਜੇ ਨੂੰ ਜਦੋਂ ਜਥੇ ਦੇ ਮਾਰੇ ਜਾਣ ਦੀ ਖ਼ਬਰ ਮਿਲੀ ਤਾਂ ਉਸ ਨੇ ਫ਼ੌਜ ਨੂੰ ਅੱਗੇ ਕੂਚ ਕਰਨ ਦਾ ਹੁਕਮ ਕਰ ਦਿੱਤਾ। ਖ਼ਾਲਸਾ ਫ਼ੌਜ ਅਟਕ ਪਾਰ ਕਰ ਕੇ ਜਦੋਂ ਅੱਗੇ ਵਧੀ ਤਾਂ ਫ਼ੀਰੋਜ਼ਖ਼ਾਨ ਦੀ ਫ਼ੌਜ ਨੇ ਰਾਹ ਰੋਕਣ ਦੀ ਕੋਸ਼ਿਸ਼ ਕੀਤੀ। ਖ਼ਾਲਸੇ ਦੀਆਂ ਤੋਪਾਂ ਨੇ ਉਸ ਦਾ ਬੁਰਾ ਹਾਲ ਕਰ ਦਿੱਤਾ। ਫ਼ੀਰੋਜ਼ਖ਼ਾਨ ਨੇ ਹਾਰ ਮੰਨ ਲਈ। ਖ਼ਾਲਸੇ ਨੇ ਖੈਰਾਬਾਦ ਉੱਪਰ ਕਬਜ਼ਾ ਕਰਨ ਪਿਛੋਂ ਜਹਾਂਗੀਰਾ ਲੈ ਲਿਆ ਤੇ ਪਿਸ਼ਾਵਰ ਦਾ ਰੁਖ਼ ਕੀਤਾ। ਪਿਸ਼ਾਵਰ ਦਾ ਹਾਕਮ ਯਾਰ ਮੁਹੰਮਦ ਖ਼ਾਨ, ਵਜ਼ੀਰ ਫ਼ਤਹ ਖ਼ਾਨ ਦਾ ਭਰਾ, ਮਹਾਰਾਜੇ ਤੋਂ ਡਰਦਾ ਹਸ਼ਤ ਨਗਰ ਵੱਲ ਭੱਜ ਗਿਆ। 18 ਨਵੰਬਰ ਨੂੰ ਖ਼ਾਲਸਾ ਫ਼ੌਜ ਕਿਸੇ ਲੜਾਈ ਤੋਂ ਬਿਨਾਂ ਪਿਸ਼ਾਵਰ ਵਿਚ ਦਾਖ਼ਲ ਹੋ ਗਈ। ਚੌਥੇ ਦਿਨ ਮਹਾਰਾਜੇ ਨੇ ਅਤਾ ਮੁਹੰਮਦ ਜਹਾਂਦਾਦ ਖ਼ਾਨ ਨੂੰ ਪਿਸ਼ਾਵਰ ਦਾ ਗਵਰਨਰ ਨਿਯਤ ਕਰ ਦਿੱਤਾ ਜਿਸ ਨੇ ਅਟਕ ਦੇ ਕਿਲ੍ਹੇ ਦਾ ਕਬਜ਼ਾ ਦਿੱਤਾ ਸੀ ਤੇ ਆਪ ਲਾਹੌਰ ਨੂੰ ਚਲ ਪਏ।

ਮਹਾਰਾਜਾ ਅਜੇ ਅਟਕ ਪੁੱਜਿਆ ਸੀ ਕਿ ਪਿਛੋਂ ਜਹਾਂਦਾਦ ਖ਼ਾਨ ਨੇ ਆ ਕੇ ਖ਼ਬਰ ਦਿੱਤੀ, "ਦੋਸਤ ਮੁਹੰਮਦ ਖ਼ਾਨ ਤੇ ਯਾਰ ਮੁਹੰਮਦ ਖ਼ਾਨ ਨੇ ਵਾਪਸ ਆ ਕੇ ਫਿਰ ਪਿਸ਼ਾਵਰ ਉੱਪਰ ਕਬਜ਼ਾ ਕਰ ਲਿਆ ਹੈ।" ਮਹਾਰਾਜੇ ਨੇ ਪਿਸ਼ਾਵਰ ਵਾਪਸ ਲੈਣ ਲਈ ਫ਼ੌਜ ਭੇਜ ਦਿੱਤੀ। ਖ਼ਾਲਸੇ ਨੂੰ ਆਉਂਦਾ ਸੁਣ ਕੇ ਯਾਰ ਮੁਹੰਮਦ ਖ਼ਾਨ ਨੇ ਆਪਣੇ ਵਕੀਲ ਦੀਵਾਨ ਦਮੋਦਰ ਮਲ ਨੂੰ ਪੰਜਾਹ ਹਜ਼ਾਰ ਦੇ ਕੇ ਮਹਾਰਾਜੇ ਵੱਲ ਭੇਜਿਆ ਤੇ ਬੇਨਤੀ ਕੀਤੀ, "ਪਿਸ਼ਾਵਰ ਉਸ ਨੂੰ ਦੇ ਦਿੱਤਾ ਜਾਵੇ। ਉਹ ਹਰ ਸਾਲ ਇਕ ਲੱਖ ਰੁਪਏ ਖ਼ਰਾਜ ਵਜੋਂ ਦੇਵੇਗਾ ਤੇ ਹੋਰ ਸਾਰੀਆਂ ਸ਼ਰਤਾਂ ਲਾਹੌਰ ਸਰਕਾਰ ਦੀਆਂ ਮੰਨੇਗਾ।" ਮਹਾਰਾਜੇ ਨੇ ਦਸੰਬਰ 1818 ਈਸਵੀ ਵਿਚ ਇਨ੍ਹਾਂ ਸ਼ਰਤਾਂ 'ਤੇ ਯਾਰ ਮੁਹੰਮਦ ਖ਼ਾਨ ਨੂੰ ਪਿਸ਼ਾਵਰ ਦਾ ਸੂਬਾ ਸੌਂਪ ਦਿੱਤਾ।

1823 ਈਸਵੀ ਵਿਚ ਵਜ਼ੀਰ ਮੁਹੰਮਦ ਅਜ਼ੀਮ ਖ਼ਾਨ ਨੇ ਕਾਬਲ ਤੋਂ ਫ਼ੌਜ ਲਿਆ ਕੇ ਆਪਣੇ ਭਰਾ ਸੁਲਤਾਨ ਯਾਰ ਮੁਹੰਮਦ ਖ਼ਾਨ ਪਾਸੋਂ ਪਿਸ਼ਾਵਰ ਖੋਹ ਲਿਆ ਤੇ ਸਿੱਖਾਂ ਦੇ ਵਿਰੁੱਧ ਜਹਾਦ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਉਸ ਨੇ ਨੌਸ਼ਹਿਰੇ ਦੇ ਮੈਦਾਨ ਵਿਚ ਵੀਹ ਹਜ਼ਾਰ ਜਹਾਦੀ ਇਕੱਠੇ ਕਰ ਲਏ। ਮਹਾਰਾਜੇ ਨੂੰ ਜਦੋਂ ਇਹ ਖ਼ਬਰ ਪੁੱਜੀ ਤਾਂ ਉਸ ਨੇ ਹਰੀ ਸਿੰਘ ਨਲਵਾ ਤੇ ਕੰਵਰ ਸ਼ੇਰ ਸਿੰਘ ਨੂੰ ਫ਼ੌਜ ਦੇ ਕੇ ਭੇਜ ਦਿੱਤਾ। ਉਨ੍ਹਾਂ ਨੇ ਪਠਾਣਾਂ ਪਾਸੋਂ ਜਹਾਂਗੀਰ ਦਾ ਕਿਲ੍ਹਾ ਖੋਹ ਲਿਆ। ਮਹਾਰਾਜੇ ਦੇ ਪੁੱਜਣ ਪਿਛੋਂ 14 ਮਾਰਚ 1823 ਈਸਵੀ ਨੂੰ ਵੈਰੀ ਉੱਪਰ ਧਾਵਾ ਕਰਨ ਦਾ ਅਰਦਾਸਾ ਸੋਧਿਆ ਗਿਆ। ਉਸ ਵੇਲੇ ਖ਼ਬਰ ਪੁੱਜੀ ਕਿ ਵੈਰੀ ਦਾ ਤੋਪਖ਼ਾਨਾ ਪੁੱਜਣ ਵਾਲਾ ਹੈ। ਇਹ ਸੁਣ ਕੇ ਮਹਾਰਾਜੇ ਨੇ ਕਿਹਾ, "ਸਾਨੂੰ ਵੀ ਆਪਣੇ ਤੋਪਖ਼ਾਨੇ ਦੀ ਉਡੀਕ ਕਰ ਲੈਣੀ ਚਾਹੀਦੀ ਹੈ।" ਅਕਾਲੀ ਫੂਲਾ ਸਿੰਘ ਨੇ ਕਿਹਾ, "ਅਸੀਂ ਧਾਵਾ ਕਰਨ ਦਾ ਅਰਦਾਸਾ ਕਰ ਚੁਕੇ ਹਾਂ। ਸਾਨੂੰ ਰੁਕਣਾ ਨਹੀਂ ਚਾਹੀਦਾ।" ਇਹ ਕਹਿੰਦੇ ਹੋਏ, ਅਕਾਲੀ ਫੂਲਾ ਸਿੰਘ ਨੇ ਆਪਣੇ ਜਥੇ ਨੂੰ ਨਾਲ ਲੈ ਕੇ ਵੈਰੀ ਉਪਰ ਧਾਵਾ ਬੋਲ ਦਿੱਤਾ। ਉਨ੍ਹਾਂ ਦੇ ਪਿੱਛੇ ਬਾਕੀ ਫ਼ੌਜ ਵੀ ਗਾਜ਼ੀਆਂ ਉੱਪਰ ਟੁਟ ਪਈ। ਹੱਥੋ ਹੱਥ ਲੜਾਈ ਵਿਚ ਸਿੱਖਾਂ ਨੇ ਗਾਜ਼ੀਆਂ ਨੂੰ ਅੱਗੇ ਲਗਾ ਲਿਆ। ਅਕਾਲੀ ਫੂਲਾ ਸਿੰਘ ਗੋਲੀ ਲੱਗਣ ਨਾਲ ਸ਼ਹੀਦੀ ਪਾ ਗਏ। ਮੁਹੰਮਦ ਅਜ਼ੀਮ ਖ਼ਾਨ ਨੂੰ ਜਦੋਂ ਹਾਰ ਦਾ ਪਤਾ ਚਲਿਆ ਤਾਂ ਉਹ ਕਾਬਲ ਨੂੰ ਭੱਜ ਗਿਆ, ਪਰ ਰਸਤੇ ਵਿਚ ਉਸਦੀ ਮੌਤ ਹੋ ਗਈ। 17 ਮਾਰਚ ਨੂੰ ਮਹਾਰਾਜੇ ਨੇ ਫਿਰ ਪਿਸ਼ਾਵਰ ਸੰਭਾਲ ਲਿਆ ਤੇ ਦੋਸਤ ਮੁਹੰਮਦ ਖ਼ਾਨ ਤੇ ਯਾਰ ਮੁਹੰਮਦ ਖ਼ਾਨ ਨੂੰ ਫਿਰ ਪਿਸ਼ਾਵਰ ਦੀ ਗਵਰਨਗੀ ਦੇ ਦਿੱਤੀ। 1834 ਈਸਵੀ ਵਿਚ ਮਹਾਰਾਜੇ ਨੇ ਪਿਸ਼ਾਵਰ ਨੂੰ ਲਾਹੌਰ ਨਾਲ ਮਿਲਾ ਕੇ ਹਰੀ ਸਿੰਘ ਨਲਵਾ ਨੂੰ ਗਵਰਨਰ ਥਾਪ ਦਿੱਤਾ।

# Conquest of Peshawar

After the murder of the minister, Fatah Khan in 1818 AD, the administration of Kabul was disturbed. To capture Peshawar, the Maharaja advanced with his army in October 1818 AD. On reaching Hajron the Maharaja sent a detachment across river Attak to probe the Afghan army. That party was riddled with bullets by the men of Firoze Khan Khatka hiding in the hills of Khairabad. When the Maharaja heard of the death of the men of the party, he ordered the army to march forward. When the Khalsa army advanced after crossing river Attak, the army of Firoze Khan tried to block their way. The guns of the Khalsa made things miserable for them. Firoze Khan conceded defeat. After capturing Khairabad, the Khalsa army took over Jahangir and marched towards Peshawar. Yaar Mohammad Khan, the ruler of Peshawar who was brother of Fatah Khan fled towards Hast Nagar for fear of the Maharaja. The Khalsa army entered Peshawar without any fighting on 18th November. On the fourth day, the Maharaja appointed Atta Mohammad Jahandad Khan, who had handed over the fort at Attak, the governor of Peshawar and started back to Lahore.

The Maharaja had hardly reached river Attak when Jahandad Khan came and informed him, "Dost Mohammad Khan and Yaar Mohammad Khan have returned and retaken Peshawar." The Maharaja sent an army to recapture Peshawar. At the information of the return of the Khalsa army, Yaar Mohammad Khan sent his council, Diwan Damodar Mall with fifty thousand Rupees and requested, "Let Peshawar be given to me. I will pay a yearly tribute of one lakh and accept all the conditions of the government of Lahore." The Maharaja entrusted the state of Peshawar to Yaar Mohammad Khan on these conditions in December 1818 AD.

In 1823 AD, the minister, Mohammad Azim Khan brought an army from Kabul and wrested Peshawar from his brother, Yaar Mohammad Khan. He also raised the banner of a holy war against the Sikhs. In this way, he assembled twenty thousand crusaders in the field at Naushehra. When the Maharaja got this news, he sent Hari Singh Nalwa and Prince Sher Singh with an army. They took over the fort of Jahangir from the Pathans. It was resolved before the Guru to attack the enemy after the arrival of the Maharaja on 14th March. Fresh news was received at that time—"The enemy guns are about to arrive." At this information, the Maharaja said, "We should also wait the arrival of our guns." Akali Phoola Singh said, "We have taken a resolve to attack. We should not hold back." Saying this, Akali Phoola Singh attacked the enemy with his squad. Following him the rest of the army also pounced upon the crusaders. In the hand to hand battle, the Sikhs made the crusaders to retreat. Akali Phoola Singh fell to a bullet to attain martyrdom. When Mohammad Azim Khan learnt about the defeat, he fled towards Kabul and died on the way. The Maharaja again occupied Peshawar on 17th March 1823 AD and once more gave Peshawar to Dost Mohammad Khan and Yaar Mohammad Khan. In 1834 AD, the Maharaja annexed Peshawar to Lahore and appointed Hari Singh Nalwa as governor.

# ਅੰਗ੍ਰੇਜ਼ ਬਾਦਸ਼ਾਹ ਵੱਲੋਂ ਤੋਹਫ਼ੇ


1827 ਈਸਵੀ ਦੀਆਂ ਗਰਮੀਆਂ ਵਿਚ ਗਵਰਨਰ ਜਨਰਲ ਲਾਰਡ ਐਮਹਰਸਟ ਕਲਕੱਤੇ ਤੋਂ ਸ਼ਿਮਲੇ ਆਇਆ। ਉਨ੍ਹਾਂ ਦਿਨਾਂ ਵਿਚ ਭਾਰਤ ਵਿਚ ਦੋ ਵੱਡੀਆਂ ਸ਼ਕਤੀਆਂ ਸਨ। ਸਤਲੁਜ ਦਰਿਆ ਦੇ ਦੱਖਣ ਵੱਲ ਅੰਗ੍ਰੇਜ਼ ਸਰਕਾਰ ਤੇ ਉੱਤਰ ਵੱਲ ਮਹਾਰਾਜਾ ਰਣਜੀਤ ਸਿੰਘ ਸੀ। ਮਹਾਰਾਜੇ ਨੇ ਅੰਗ੍ਰੇਜ਼ਾਂ ਨਾਲ ਮਿੱਤਰਤਾ ਵਧਾਉਣ ਲਈ ਫ਼ਕੀਰ ਅਜ਼ੀਜ਼ੁੱਦੀਨ ਤੇ ਦੀਵਾਨ ਮੋਤੀ ਰਾਮ ਨੂੰ ਕੀਮਤੀ ਸੁਗਾਤਾਂ ਦੇ ਕੇ ਸ਼ਿਮਲੇ ਭੇਜਿਆ। ਗਵਰਨਰ ਜਨਰਲ ਤੋਹਫ਼ੇ ਦੇਖ ਕੇ ਬਹੁਤ ਖ਼ੁਸ਼ ਹੋਇਆ। ਉਨ੍ਹਾਂ ਤੋਹਫਿਆਂ ਵਿਚ ਵਧੀਆ ਘੋੜੇ, ਹਾਥੀ ਤੇ ਪਸ਼ਮੀਨਾ ਉਸ ਲਈ ਸੀ ਤੇ ਇਕ ਪਸ਼ਮੀਨੇ ਦਾ ਵੱਡਾ ਤੰਬੂ ਜਿਸ ਦੀਆਂ ਚੋਬਾਂ ਉੱਪਰ ਕਸ਼ਮੀਰੀ ਕਾਰੀਗਰੀ ਕੀਤੀ ਹੋਈ ਸੀ, ਉਹ ਉਸ ਦੇ ਬਾਦਸ਼ਾਹ ਲਈ ਸੀ।

ਲਾਰੰਡ ਐਮਹਰਸਟ ਨੇ 1828 ਈਸਵੀ ਵਿਚ ਉਹ ਭੇਟ ਕੀਤਾ ਹੋਇਆ ਤੰਬੂ ਬਾਦਸ਼ਾਹ ਵਿਲੀਅਮ ਚੌਥੇ ਨੂੰ ਜਾ ਇੰਗਲੈਂਡ ਪੇਸ਼ ਕੀਤਾ। ਤੰਬੂ ਦੀ ਕਾਰੀਗਰੀ ਦੇਖ ਕੇ ਬਾਦਸ਼ਾਹ ਦੰਗ ਰਹਿ ਗਿਆ। ਉਸ ਨੇ ਮਹਾਰਾਜੇ ਲਈ ਚਾਰ ਵਧੀਆ ਘੋੜੀਆਂ, ਇਕ ਘੋੜਾ ਤੇ ਇਕ ਸੁੰਦਰ ਗੱਡੀ ਭੇਜੇ। ਉਹ ਤੋਹਫ਼ੇ ਮਿ. ਬਰਨਸ ਨੇ 20 ਜੂਨ 1830 ਈਸਵੀ ਨੂੰ ਲਾਹੌਰ ਦਰਬਾਰ ਵਿਚ ਹਾਜ਼ਰ ਹੋ ਕੇ ਮਹਾਰਾਜੇ ਨੂੰ ਪੇਸ਼ ਕੀਤੇ। ਮਹਾਰਾਜਾ ਉਨ੍ਹਾਂ ਤੋਹਫ਼ਿਆਂ ਨਾਲ ਆਇਆ ਮਿੱਤਰਤਾ ਦਾ ਪੱਤਰ ਦੇਖ ਕੇ ਬਹੁਤ ਖ਼ੁਸ਼ ਹੋਇਆ ਜਿਹੜਾ ਸੋਨੇ ਦੇ ਧਾਗਿਆਂ ਦੀ ਬਣੀ ਥੈਲੀ ਵਿਚ ਸੀ। ਉਸ ਦਾ ਫ਼ਾਰਸੀ ਵਿਚ ਅਨੁਵਾਦ ਫ਼ਕੀਰ ਅਜ਼ੀਜ਼ੁੱਦੀਨ ਨੇ ਸਾਰਿਆਂ ਨੂੰ ਪੜ੍ਹ ਕੇ ਸੁਣਾਇਆ। 16 ਅਗਸਤ ਨੂੰ ਮਹਾਰਾਜੇ ਨੇ ਮਿ. ਬਰਨਸ ਨੂੰ ਵਿਦਾ ਕਰਨ ਸਮੇਂ ਉਸ ਨੂੰ ਇਕ ਜੜਾਊ ਤੀਰ ਕਮਾਨ ਤੇ ਘੋੜਾ ਭੇਟ ਕੀਤਾ।

ਲਾਹੌਰ ਰਾਜ ਦੀਆਂ ਹੱਦਾਂ, ਖ਼ਜ਼ਾਨਾ ਤੇ ਫ਼ੌਜ ਦੀ ਸ਼ਕਤੀ ਦਿਨੋ ਦਿਨ ਵਧਦੀ ਦੇਖ ਕੇ ਦੂਰ ਦੂਰ ਦੇ ਹੁਕਮਰਾਨ ਮਹਾਰਾਜੇ ਨਾਲ ਮਿੱਤਰਤਾ ਦੇ ਸੰਬੰਧ ਪੈਦਾ ਕਰ ਰਹੇ ਸਨ। ਗਵਰਨਰ ਜਨਰਲ ਲਾਰਡ ਬੈਂਟਿੰਕ ਵੀ ਮਹਾਰਾਜੇ ਨੂੰ ਮਿਲ ਕੇ ਦੋਹਾਂ ਸਰਕਾਰਾਂ ਦੀ ਦੋਸਤੀ ਹੋਰ ਪੱਕੀ ਕਰਨਾ ਚਾਹੁੰਦਾ ਸੀ। ਉਸ ਨੇ ਇਸ ਮਿਲਣੀ ਦੀ ਜ਼ਿੰਮੇਵਾਰੀ ਸਰ ਕਲਾਡ ਵੈਡ ਏਜੈਂਟ ਰੈਜ਼ੀਡੈਂਟ ਨੂੰ ਸੌਂਪ ਦਿੱਤੀ। ਉਸ ਨੇ ਲਾਹੌਰ ਪਹੁੰਚ ਕੇ ਮਹਾਰਾਜੇ ਨੂੰ ਕਿਹਾ, "ਗਵਰਨਰ ਜਨਰਲ ਆਪ ਨੂੰ ਮਿਲਣ ਦਾ ਬਹੁਤ ਖ਼ਾਹਿਸ਼ਮੰਦ ਹੈ ਪਰ ਉਹ ਆਪ ਨੂੰ ਤਕਲੀਫ਼ ਦੇਣ ਤੋਂ ਝਿਜਕਦਾ ਹੈ।" ਮਹਾਰਾਜੇ ਨੇ ਇਹ ਸੁਣ ਕੇ ਦੀਵਾਨ ਮੋਤੀ ਰਾਮ, ਫ਼ਕੀਰ ਅਜ਼ੀਜ਼ੁੱਦੀਨ ਤੇ ਸਰਦਾਰ ਹਰੀ ਸਿੰਘ ਨਲਵਾ ਨੂੰ ਬਹੁਮੁੱਲੀਆਂ ਸੁਗਾਤਾਂ ਦੇ ਕੇ ਗਵਰਨਰ ਜਨਰਲ ਪਾਸ ਸ਼ਿਮਲੇ ਭੇਜ ਦਿੱਤਾ। ਉਹ ਮੁਲਾਕਾਤ ਦਾ ਮੁਕਾਮ ਰੋਪੜ ਨਿਸਚਿਤ ਕਰ ਆਏ।

22 ਅਕਤੂਬਰ 1831 ਈਸਵੀ ਨੂੰ ਗਵਰਨਰ ਜਨਰਲ ਸ਼ਿਮਲੇ ਤੋਂ ਰੋਪੜ ਆ ਗਿਆ। 17 ਅਕਤੂਬਰ ਨੂੰ ਮਹਾਰਾਜਾ ਸਤਲੁਜ ਦੇ ਉੱਤਰੀ ਕੰਢੇ ਦੇ ਪਿੰਡ ਕਾਠਗੜ੍ਹ ਪੁੱਜ ਗਿਆ। 26 ਅਕਤੂਬਰ ਦੀ ਸਵੇਰ ਨੂੰ ਮਿਲਣੀ ਵਾਲੇ ਦਿਨ ਮਹਾਰਾਜਾ ਤੇ ਦਰਬਾਰੀ, ਹਾਥੀਆਂ ਉੱਪਰ ਸਵਾਰ ਹੋ ਕੇ ਅੰਗਰੇਜ਼ੀ ਕੈਂਪ ਵੱਲ ਚਲ ਪਏ। ਅੱਗੋਂ ਗਵਰਨਰ ਜਨਰਲ ਤੇ ਹੋਰ ਅਫ਼ਸਰ ਉਨ੍ਹਾਂ ਦੇ ਸਵਾਗਤ ਲਈ ਆਏ। ਜਦੋਂ ਮਹਾਰਾਜੇ ਦਾ ਹਾਥੀ ਗਵਰਨਰ ਜਨਰਲ ਦੇ ਹਾਥੀ ਦੇ ਲਾਗੇ ਪੁੱਜਿਆ ਤਾਂ ਦੋਹਾਂ ਨੇ ਹੱਥ ਮਿਲਾਏ। ਉਸ ਪਿਛੋਂ ਮਹਾਰਾਜਾ ਆਪਣੇ ਹਾਥੀ ਤੋਂ ਉਠ ਕੇ ਗਵਰਨਰ ਜਨਰਲ ਦੇ ਹਾਥੀ ਉੱਪਰ ਚਲਿਆ ਗਿਆ। ਜਦੋਂ ਇਹ ਜਲੂਸ ਦਰਬਾਰ ਦੀ ਚਾਂਦਨੀ ਪਾਸ ਪੁੱਜਿਆ ਤਾਂ ਦੋਵੇਂ ਮੁਖੀ ਹਾਥੀ ਤੋਂ ਉੱਤਰ ਕੇ ਚਾਂਦਨੀ ਅੰਦਰ ਜਾ ਕੇ ਸੁਨਹਿਰੀ ਕੁਰਸੀਆਂ ਉੱਪਰ ਸਜ ਗਏ। ਗੱਲ ਬਾਤ ਕਰਨ ਪਿਛੋਂ ਗਵਰਨਰ ਜਨਰਲ ਨੇ ਮਹਾਰਾਜੇ ਨੂੰ ਬੜੇ ਸਨਮਾਨ ਨਾਲ ਦੋ ਘੋੜੇ, ਇਕ ਹਾਥੀ, ਦੋ ਤੋਪਾਂ ਤੇ ਜਵਾਹਰਾਤ ਭੇਟ ਕਰ ਕੇ ਵਿਦਾ ਕੀਤਾ।

ਦੂਜੇ ਦਿਨ ਗਵਰਨਰ ਜਨਰਲ ਮਹਾਰਾਜੇ ਪਾਸ ਆਇਆ। ਉਸ ਦਾ ਸਵਾਗਤ ਮਹਾਰਾਜੇ ਨੇ ਆਪ ਅੱਗੇ ਹੋ ਕੇ ਕੀਤਾ। ਤੀਜੇ ਦਿਨ ਮਹਾਰਾਜੇ ਨੇ ਗਵਰਨਰ ਜਨਰਲ ਨੂੰ ਖਾਣੇ ਉੱਪਰ ਬੁਲਾਇਆ ਤੇ ਚੌਥੇ ਦਿਨ ਖਾਣੇ ਉੱਪਰ ਉਹ ਆਪ ਗਏ। ਅਗਲੇ ਦੋ ਦਿਨ ਫ਼ੌਜਾਂ ਦੀ ਕਵੈਦ ਦੇਖਣ ਪਿਛੋਂ ਪਹਿਲੀ ਨਵੰਬਰ ਨੂੰ ਮੁਖੀਏ ਆਪਣੇ ਆਪਣੇ ਇਲਾਕਿਆਂ ਨੂੰ ਮੁੜ ਪਏ।




ਅੰਗ੍ਰੇਜ਼ ਬਾਦਸ਼ਾਹ ਵਲੋਂ
ਤੋਹਫ਼ੇ

**Presents from the British Emperor**

# *Presents from the British Emperor*

In the summer of 1827 AD, Lord Emerhurst, the Governor General came to Shimla from Calcutta. There were two big powers in India at that time. On the South of river Sutlej were the British while on the North was Maharaja Ranjit Singh. In order to increase friendship with the British, the Maharaja sent Fakir Aziz-ud-din and Diwan Moti Ram with precious gifts to Shimla. The Governor General was very pleased on seeing the gifts. Those gifts consisted of fine horses, elephants and Pashmina (fine wool) for him and a big Pashmina tent with fine Kashmir woodwork tent poles for his king.

Lord Emerhurst presented that gifted tent to King William 4th in England in 1828 AD. The King was enraptured to see the fine workmanship of that tent. He sent for the Maharaja four fine mares, one horse and one fine coach. Those gifts were presented to the Maharaja by Mr. Burnes in the court at Lahore on 20th June 1830 AD. The Maharaja was very pleased to see the letter of the friendship accompanying those presents which was enclosed in a bag made of gold threads. It's Persian translation was read out to all by Fakir Aziz-ud-din. At the time of departure of Mr. Burnes, the Maharaja presented him with a studed bow and arrow and a horse.

Seeing the increasing wealth and military power of the Lahore regime day by day, rulers from far and near were establishing friendly relations with the Maharaja. The Governor General, Lord Bentink also wanted to meet the Maharaja and further consolidate the friendship between the two governments. He entrusted the responsibility of this meeting to Sir Claude Wade, the resident agent. He reached Lahore and said to the Maharaja, "The Governor General is very keen to have a meeting with you but he is reluctant to give you the trouble." Hearing this, the Maharaja sent Diwan Moti Ram, Fakir Aziz-ud-din and Sardar Hari Singh Nalwa with precious gifts to the Governor General at Shimla. They fixed Ropar as venue of the meeting.

The Governor General reached Ropar from Shimla on 22nd October 1831. On 17th October, the Maharaja reached village Kathgarh on the north bank of river Sutlej. On 26th October, the day of meeting, the Maharaja and the courtiers went towards the British camp on elephants. The Governor General and other officers came forward to welcome them. When the Maharaja's elephant reached near the elephant of the Governor General, they both shook hands. After that, the Maharaja dismounted and sat on the elephant of the Governor General. When this procession came near the canopy set up for the royal court, both the heads dismounted from the elephant, went inside and sat on the golden chairs. After the talks, the Governor General bade farewell to the Maharaja with great respect presenting a gift of two horses, one elephant, two guns and gems.

Next day, the Governor General went to meet the Maharaja. The Maharaja himself came forward to welcome him. On the third day, the Maharaja played host to the Governor General for lunch and on fourth day he himself went there on the invitation of the Governor General. On the next two days, they witnessed parades by both the armies. On 1st November, both the heads departed to their territories.




ਆਖਰੀ ਦਰਬਾਰ
The Last Court

# ਆਖ਼ਰੀ ਦਰਬਾਰ

ਮਈ 1839 ਈਸਵੀ ਵਿਚ ਮਹਾਰਾਜੇ ਨੂੰ ਅਧਰੰਗ ਦਾ ਸਖ਼ਤ ਦੌਰਾ ਪੈ ਗਿਆ। ਸ਼ਾਹੀ ਹਕੀਮ ਫ਼ਕੀਰ ਅਜ਼ੀਜ਼ੁੱਦੀਨ ਤੇ ਹੋਰ ਦੇਸ਼ ਭਰ ਦੇ ਪ੍ਰਸਿੱਧ ਹਕੀਮਾਂ ਨੇ ਮਹਾਰਾਜੇ ਦਾ ਬਹੁਤ ਇਲਾਜ ਕੀਤਾ ਪਰ ਕੋਈ ਫ਼ਰਕ ਨਾ ਪਿਆ। ਅੰਗ੍ਰੇਜ਼ ਸਰਕਾਰ ਵੱਲੋਂ ਭੇਜੇ ਗਏ ਡਾਕਟਰ ਨੇ ਵੀ ਇਲਾਜ ਕੀਤਾ ਪਰ ਮਹਾਰਾਜੇ ਦੇ ਰੋਗ ਨੂੰ ਮੋੜ ਨਾ ਪਿਆ। ਮਹਾਰਾਜੇ ਨੇ ਆਪਣਾ ਅੰਤ ਸਮਾਂ ਨੇੜੇ ਆਇਆ ਦੇਖ ਕੇ 22 ਜੂਨ ਨੂੰ ਆਪਣੇ ਸਰਦਾਰਾਂ, ਜਾਗੀਰਦਾਰਾਂ ਤੇ ਫ਼ੌਜੀ ਅਫ਼ਸਰਾਂ ਨੂੰ ਹਜ਼ੂਰੀ ਬਾਗ਼ ਵਿਚ ਬੁਲਾਇਆ। ਮਹਾਰਾਜਾ ਬੀਮਾਰੀ ਨਾਲ ਏਨਾ ਕਮਜ਼ੋਰ ਹੋ ਗਿਆ ਸੀ ਕਿ ਉਹ ਪਾਲਕੀ ਵਿਚ ਬੈਠ ਕੇ ਦਰਬਾਰ ਵਿਚ ਗਿਆ ਤੇ ਪਾਲਕੀ ਵਿਚ ਬੈਠੇ ਨੇ ਦਰਬਾਰ ਦੀ ਕਾਰਵਾਈ ਨਿਭਾਉਣੀ ਸ਼ੁਰੂ ਕੀਤੀ।

ਮਹਾਰਾਜੇ ਨੇ ਪਾਲਕੀ ਵਿਚ ਬੈਠੇ ਸਾਰਿਆਂ ਨੂੰ ਸੰਬੋਧਨ ਕਰ ਕੇ ਕਿਹਾ, "ਖ਼ਾਲਸਾ ਜੀ, ਮੇਰਾ ਅੰਤ ਸਮਾਂ ਨੇੜੇ ਆ ਗਿਆ। ਅੱਜ ਤੋਂ ਰਾਜ ਦਰਬਾਰ ਦੇ ਸਾਰੇ ਕੰਮ ਕਾਜ ਸ਼ਹਿਜ਼ਾਦਾ ਖੜਕ ਸਿੰਘ ਨੂੰ ਸੌਂਪੇ ਜਾਂਦੇ ਹਨ।" ਉਸ ਪਿਛੋਂ ਮਹਾਰਾਜੇ ਨੇ ਸ਼ਹਿਜ਼ਾਦਾ ਖੜਕ ਸਿੰਘ ਨੂੰ ਰਾਜ ਤਿਲਕ ਦਿੱਤਾ ਤੇ ਰਾਜਾ ਧਿਆਨ ਸਿੰਘ ਦੇ ਹੱਥ ਵਿਚ ਉਸ ਦਾ ਹੱਥ ਫੜਾ ਕੇ ਧਿਆਨ ਸਿੰਘ ਨੂੰ ਕਿਹਾ, "ਪਹਿਲਾਂ ਵੀ ਆਪ ਨੇ ਖ਼ਾਲਸਾ ਰਾਜ ਦੀ ਬਹੁਤ ਸੇਵਾ ਕੀਤੀ ਹੈ ਤੇ ਅੱਗੇ ਲਈ ਕਰਦੇ ਰਹਿਣਾ। ਤੁਸੀਂ ਇਸਦੇ ਵਜ਼ੀਰ ਹੋਵੋਗੇ। ਇਸ ਦਾ ਹਰ ਤਰ੍ਹਾਂ ਖ਼ਿਆਲ ਰੱਖਣਾ।" ਰਾਜਾ ਧਿਆਨ ਸਿੰਘ ਨੇ ਵਫ਼ਾਦਾਰ ਰਹਿਣ ਦੀ ਕਸਮ ਖਾਧੀ।

ਉਸ ਪਿਛੋਂ ਮਹਾਰਾਜੇ ਨੇ ਕੋਹਿਨੂਰ ਤੇ ਕੁਝ ਹੋਰ ਹੀਰੇ ਹਰਿਮੰਦਰ ਸਾਹਿਬ ਦੀ ਭੇਟ ਕਰਨ ਲਈ ਮੰਗਵਾਏ। ਰਾਜਾ ਧਿਆਨ ਸਿੰਘ ਤੇ ਜਮਾਂਦਾਰ ਖ਼ੁਸ਼ਹਾਲ ਸਿੰਘ ਨੂੰ ਤੋਸ਼ਾਖ਼ਾਨੇ ਦੇ ਅਧਿਕਾਰੀ ਮਿਸਰ ਬੇਲੀ ਰਾਮ ਨੇ ਕਿਹਾ, "ਇਹ ਸਾਰਾ ਖ਼ਜ਼ਾਨਾ ਉਸਦੇ ਵਾਰਸ ਦਾ ਹੈ। ਉਸ ਦੀ ਆਗਿਆ ਬਿਨਾਂ ਮੈਂ ਕੁਝ ਨਹੀਂ ਦੇ ਸਕਦਾ।" ਇਹ ਉੱਤਰ ਸੁਣ ਕੇ ਦੋਵੇਂ ਖ਼ਾਲੀ ਹੱਥ ਮਹਾਰਾਜ ਪਾਸ ਆ ਗਏ। ਉਨ੍ਹਾਂ ਦੇ ਵਾਪਸ ਪੁੱਜਣ ਤੋਂ ਪਹਿਲਾਂ ਮਹਾਰਾਜਾ ਦੌਰਾ ਪੈਣ ਨਾਲ ਬੇਸੁਰਤ ਹੋ ਗਿਆ ਸੀ। ਦਰਬਾਰ ਦੀ ਸਮਾਪਤੀ ਕਰ ਕੇ ਮਹਾਰਾਜੇ ਨੂੰ ਕਿਲ੍ਹੇ ਵਿਚ ਲੈ ਆਂਦਾ ਗਿਆ।

22 ਜੂਨ ਦੇ ਉਸ ਦਰਬਾਰ ਪਿਛੋਂ ਮਹਾਰਾਜੇ ਦਾ ਰੋਗ ਵਧਦਾ ਗਿਆ। ਗੁਰਦੁਆਰਿਆਂ, ਮੰਦਰਾਂ, ਮਸੀਤਾਂ ਤੇ ਹੋਰ ਗ਼ਰੀਬ ਗ਼ੁਰਬਿਆਂ ਨੂੰ ਲੱਖਾਂ ਰੁਪਏ ਦਾਨ ਦਿੱਤਾ ਗਿਆ। ਪੰਜਵੇਂ ਦਿਨ 27 ਜੂਨ 1839 ਈਸਵੀ ਨੂੰ ਮਹਾਰਾਜੇ ਦੀ ਰੂਹ ਸਰੀਰ ਛੱਡ ਗਈ। ਦੂਜੇ ਦਿਨ ਮਹਾਰਾਜੇ ਦੇ ਸਰੀਰ ਨੂੰ ਇਸ਼ਨਾਨ ਕਰਵਾਉਣ ਪਿਛੋਂ ਉਸ ਦੇ ਸ਼ਾਹੀ ਪੁਸ਼ਾਕ ਪਾਈ ਗਈ ਤੇ ਬਬਾਣ ਤਿਆਰ ਕੀਤਾ ਗਿਆ। ਉਸ ਨਾਲ ਸਤੀ ਹੋਣ ਲਈ ਚਾਰ ਰਾਣੀਆਂ ਤੇ ਸੱਤ ਗੋਲੀਆਂ ਆਪਣੀ ਮਰਜ਼ੀ ਨਾਲ ਤਿਆਰ ਹੋ ਗਈਆਂ। ਸਤੀ ਹੋਣ ਵਾਲੀਆਂ ਵਿਚ ਇਕ ਰਾਣੀ ਰਾਜਾ ਸੰਸਾਰ ਚੰਦ ਕਟੋਚ ਦੀ ਸਪੁੱਤਰੀ ਰਾਜ ਦੇਈ ਸੀ, ਉਹਦੀ ਦੂਜੀ ਭੈਣ ਹਰਿਦੇਈ ਦੀ ਪਹਿਲਾਂ ਮੌਤ ਹੋ ਚੁੱਕੀ ਸੀ।

ਸਤੀ ਹੋਣ ਵਾਲੀਆਂ ਰਾਣੀਆਂ ਸਭ ਕੁਝ ਦਾਨ ਕਰ ਕੇ ਨੰਗੇ ਮੂੰਹ ਤੇ ਨੰਗੇ ਪੈਰ ਬਬਾਣ ਦੇ ਪਿੱਛੇ ਤੁਰ ਪਈਆਂ, ਉਨ੍ਹਾਂ ਦੇ ਪਿੱਛੇ ਸੱਤ ਗੋਲੀਆਂ ਤੇ ਬਾਕੀ ਸਭ ਉਨ੍ਹਾਂ ਦੇ ਪਿੱਛੇ ਪਿੱਛੇ ਰਾਵੀ ਦੇ ਕੰਢੇ ਪੁਜ ਗਏ। ਉਥੇ ਅਰਥੀ ਚਿਖਾ ਉੱਪਰ ਟਿਕਾ ਦਿੱਤਾ ਗਈ। ਚਾਰੇ ਰਾਣੀਆਂ ਮਹਾਰਾਜੇ ਦੇ ਸਿਰ ਵਾਲੇ ਪਾਸੇ ਤੇ ਸੱਤੇ ਗੋਲੀਆਂ ਪੈਰਾਂ ਵੱਲ ਬੈਠ ਗਈਆਂ। ਉਸ ਪਿਛੋਂ ਘਿਉ ਅਤੇ ਤੇਲ ਨਾਲ ਭਿੱਜੇ ਹੋਏ ਸਰਕੰਡੇ ਨਾਲ ਸਾਰਿਆਂ ਨੂੰ ਢੱਕ ਦਿੱਤਾ ਗਿਆ ਤੇ ਸਾਰੀ ਚਿਖਾ ਉਪਰ ਫਿਰ ਘਿਉ ਛਿੜਕਿਆ ਗਿਆ। ਉਸ ਪਿਛੋਂ ਸ਼ਹਿਜ਼ਾਦਾ ਖੜਕ ਸਿੰਘ ਨੇ ਚਿਖਾ ਨੂੰ ਚਾਰੇ ਪਾਸੇ ਅੱਗ ਲਗਾ ਦਿੱਤੀ ਜਿਸ ਨਾਲ ਅੱਗ ਦੀਆਂ ਲਾਟਾਂ ਅਸਮਾਨ ਨੂੰ ਛੂਹਣ ਲਗੀਆਂ। ਬੜੀ ਜਲਦੀ ਸਤੀਆਂ ਸਮੇਤ ਚਿਖਾ ਦੀ ਰਾਖ਼ ਬਣ ਗਈ। ਤੀਜੇ ਦਿਨ ਅਸਤੀਆਂ ਇਕੱਠੀਆਂ ਕਰ ਕੇ ਗੰਗਾ ਦੇ ਕਿਨਾਰੇ ਹਰਿਦੁਆਰ ਬੜੇ ਸਤਿਕਾਰ ਨਾਲ ਉਵੇਂ ਹੀ ਲਿਜਾਈਆਂ ਗਈਆਂ ਜਿਵੇਂ ਮਹਾਰਾਜਾ ਜਿਉਂਦੇ ਜੀਅ ਸ਼ਾਹੀ ਠਾਠ ਨਾਲ ਜਾਂਦਾ ਸੀ।

# *The Last Court*

In May 1839 AD, the Maharaja suffered a serious stroke of paralysis. The royal physician Fakir Aziz-ud-din and other famous physcians of the country treated the Maharaja with all the skill at their command but there was no improvement. The British government also sent a doctor but the condition of the Maharaja did not take any turn for the better. Seeing his end near, the Maharaja called his chiefs, landlords and military officers in Hazuri Garden on 22nd June. The Maharaja had become so weak due to illness that he came to the court in a palanquin and started conducting the proceedings of the court sitting in it.

The Maharaja addressing all those presents, from his seat in the palanquin said, "Respected Khalsa, my end is drawing near. From today all the affairs of the state are being entrusted to Prince Kharak Singh." After that the Maharaja performed the ceremony of proclaiming Prince Kharak Singh as king and giving his hand in the hand of Raja Dhyan Singh said, "You have rendered great service to the Khalsa government previously and should continue to do so in future. You shall be his minister. Take care of him in every way." Raja Dhyan Singh took an oath to remain faithful.

After that, the Maharaja asked to bring Kohinoor and some other diamonds to be offered to the Golden Temple. The incharge of the store, Miser Bali Ram said to Raja Dhyan Singh and Jamadar Khushhal Singh, "All this treasure belongs to my new master. I cannot give anything without his orders." At this reply, both of them returned to the Maharaja empty-handed. Before their return, the Maharaja had become unconscious due to stroke. The court was adjourned and the Maharaja was brought inside the fort.

After that court of 22nd June, the Maharaja's illness became worse day by day. Lakhs of Rupees were given in charity to Gurdwaras, Temples, Mosques and poor people. On the fifth day, 27th June 1839 AD, the Maharaja breathed his last. The next day the mortal remains of the Maharaja were bathed, dressed in royal robes and a bier was got ready. Four queens and seven maid-servants got ready of their own accord to Sati (burn alive) with him. One of the Ranis (queens) who immolated herself was Raj Dei, daughter of Raja Sansar Chand Katoch. Her other sister Har Dei had already died.

The Ranis who were going to immolate themselves followed the bier unveiled and barefooted after having given away all their belongings in charity followed by seven maids. Followed by the rest, they reached the bank by the river Ravi. There the bier was placed on the funeral pyre. The four Ranis sat on the side of the head of the Maharaja while the seven maids sat towards his feet. After that all were covered with dry reed soaked in melted butter and oil and all the pyre was again sprinkled with melted butter. Then Prince Kharak Singh lit the pyre on all sides and the flames rose high towards the sky. Quickly the pyre along with the 'Satis' turned to ashes. On the third day, the ashes were collected and taken to the Ganges with great respect in the manner, the Maharaja used to go in great splendour in his lifetime.